People's Herald

People's Herald



Rs- 100/month

# “ਇਕੁਐਲਿਟੀ ਐਂਡ ਜਸਟਿਸ”

https://www.facebook.com/profile.php?id=161037521061610



“Equality and Justice”

स्वतंत्रता, समानता, भाईचारा

PATIALA | On line paper | 29 ਮਈ 2025 ਵੀਰਵਾਰ “ਰੋਜ਼ਾਨਾ” ਸਾਲ ਚੌਥਾ | w.e.f. 15 August 2022 | ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਕੀ ਜਾਤੀਵਾਦੀ ਕਾਰਨਾ ਕਰਕੇ ਅਤੇ ਵੱਡੇ ਮਗਰਮੱਛਾਂ ਨੂੰ ਬਚਾਉਣ ਲਈ ਬਰਖ਼ਾਸਤ ਸਿਪਾਹੀ ਅਮਨਦੀਪ ਕੌਰ ਲੋੜ ਤੋਂ ਜਿਆਦਾ ਲਤਾੜਿਆ ਜਾ ਰਿਹਾ ਹੈ,

### ਸਿਹਤ ਵਿਗੜਨ ਕਰਕੇ ਬਰਖਾਸਤ ਮਹਿਲਾ ਸਿਪਾਹੀ ਅਮਨਦੀਪ ਕੌਰ ਦਾ ਵਿਜੀਲੈਂਸ ਰਿਮਾਂਡ ਖਤਮ, ਭੇਜਿਆ ਜੇਲ੍ਹ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਕੀ ਸਾਰਾ ਜੋਸ਼ ਅਤੇ ਦੋਸ਼ ਮਹਿਲਾ ਦਾ ਦਿਖਾ ਕੇ ਵੱਡੇ ਮਗਰਮੱਛਾਂ ਨੂੰ ਬਚਾਇਆ ਜਾਵੇਗਾ ਜਾ ਉਹਨਾ ਨੂੰ ਵੀ ਦੋਸ਼ੀ ਬਣਾਉਣਗੇ

ਹਮੇਸ਼ਾ ਮੀਡੀਆ ਬਰਖ਼ਾਸਤ ਸਿਪਾਹੀ ਅਮਨਦੀਪ ਕੌਰ ਨੂੰ ਲੈ ਕੇ ਵੱਡੀ ਖਬਰ ਬਣਾ ਕੇ ਪੇਸ਼ ਕਰਦਾ ਆ ਰਿਹਾ ਹੈ। ਮਹਿਲਾ ਇਹ ਕੰਮ ਕਰਨ ਦਾ ਉਹ ਕਦੇ ਵੀ ਸਾਹਸ ਨਾਂ ਕਰ ਪਾਉਂਦੀ ਅਗਰ ਉਸ ਦੇ ਪਿੱਛੇ ਵੱਡੇ ਪੁਲੀਸ ਅਫਸਰਾਂ ਦਾ ਹੱਥ ਨਾ ਹੁੰਦਾ। ਵੱਡੇ ਪੁਲੀਸ ਅਫਸਰ ਕਦੇ ਵੀ ਗਲਤ ਕੰਮ ਕਰਨ ਦਾ ਸਹਿਯੋਗ ਕਰਨ ਦਾ ਅਨੈਤਿਕ ਸਾਹਸ ਨਾਂ ਕਰ ਪਾਉਂਦੇ ਅਗਰ ਉਹਨਾ ਦੇ ਪਿੱਛੇ ਸਰਕਾਰ ਦਾ ਮਜਬੂਤ ਬਲਾਈਂਡ ਸਪੋਰਟ ਨਾ ਹੁੰਦਾ।

ਸਰਾਕਾਰ ਇਮਾਨਦਾਰੀ ਨਾਲ ਦਸੇ ਕੀ ਸਰਕਾਰ ਦਾ ਗੁਪਤ ਤੰਤਰ, ਕਦੇ ਫੇਲ ਹੋ ਸਕਦਾ ਹੈ ਕਿ ਉਹਨਾ ਨੂੰ ਇਹ ਪਤਾ ਹੀ ਨਾਂ ਲੱਗੇ ਉਸ ਦੇ ਵੱਡੇ ਅਫਸ਼ਰ ਕੀ ਕਰ ਰਹੇ ਹਨ, ਇਹ ਮੰਨਣ ਵਾਲੀ ਗਲ ਹੋ ਹੀ ਨਹੀਂ ਸਕਦੀ ਕਿ ਲਗਾਤਾਰ ਸਾਲਾਂ ਵੱਧੀ ਇਹ ਗਲਤ ਕੰਮ ਕਰਨ ਦੀ ਰਿਪੋਰਟ ਗੁਪਤ ਤੰਤਰ ਨੇ ਸਰਕਾਰ ਤੱਕ ਨਾਂ ਪਹੁੰਚਾਈ ਹੋਵੇ।

ਸਾਡਾ ਮਕਸ਼ਦ ਅਮਦੀਪ ਕੌਰ ਦੀ ਸਪੋਰਟ ਕਰਨਾ ਨਹੀ, ਬਣਦੀ ਸਜਾ ਜਰੂਰ ਮਿਲਣੀ ਚਾਹੀਦੀ ਹੈ, ਪਰ ਦੂਜੇ ਪਾਸੇ ਲਗਦਾ ਹੈ ਕਮਜੋਰ ਜਾਤੀ ਨਾਲ ਸਬੰਧਤ ਹੋਣ ਕਾਰਨ ਬਰਖ਼ਾਸਤ ਸਿਪਾਹੀ ਅਮਨਦੀਪ ਕੌਰ ਦੇ ਸਹਿਯੋਗੀ ਨੂੰ ਹੀ ਸੁਰਖੀਆਂ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਦੋਂ ਕਿ ਉਸ ਦਾ ਆਮਦਨ ਨਾਲੋ 31 ਲੱਖ ਰੁਪਏ ਦੀ ਜਿਆਦਾ ਜਾਇਦਾਦ ਦਿਖਾਇਆ ਗਿਆ ਹੈ, ਗਲਤ ਤਾਂ ਗਲਤ ਹੀ ਹੈ, ਪਰ ਸਾਰਾ ਦੋਸ਼ ਅਤੇ ਜੋਸ਼ ਮਹਿਲਾ ਉੱਤੇ ਦਿਖਾ ਕੇ ਵੱਡੇ ਮਗਰਮੱਛ ਹਮੇਸ਼ਾ ਬਚੇ ਰਹਿਣਾ ਸਹੀ ਨਹੀਂ ਹੈ। ਦੇਖ ਲੈਣਾ ਨਾਂ ਹੀ ਕਦੇ ਰਾਜੇ ਸ਼ੀਸ਼ਮਾ ਫਾਰਮ ਜਾ ਬਾਦਲ ਦੇ ਹੋਟਲ ਦਾ ਨੁਕਸਾਨ ਹੋਵੇਗਾ, ਨਾਂ ਹੀ ਹਜਾਰਾਂ ਏਕੜ ਸਾਮਲਾਟ ਦੱਬੀ ਬੈਠੇ ਵੱਡੇ ਨੇਤਾ ਅਤੇ ਅਧਿਕਾਰੀਆਂ ਦੇ ਕੋਈ ਨੁਕਸਾਨ ਹੋਵੇਗਾ,

ਡਰਗ ਕੇਸ ਵਿੱਚ ਵੱਡੇ ਅਫਸਰਾਂ ਦੀ ਪਿੱਠ ਪਿੱਛੇ ਰਹਿ ਕੇ ਸਰਕਾਰ ਬਚਾ ਰਹੀ ਦਿਖਾਈ ਦਿੰਦਾ ਹੈ, ਕਿਉਂਕਿ ਸਰਕਾਰ ਕੇਵਲ ਪਰਚਾਰ ਨਾਲ ਵੋਟਾ ਲੈਣਾ ਚਾਹੁੰਦੀ ਹੈ, ਕੰਮ ਕਰਨ ਦੀ ਭਾਵਨਾ ਦਿਖਾਈ ਨਹੀਂ ਦਿੰਦਾ ਹੈ

ਬਰਖ਼ਾਸਤ ਸਿਪਾਹੀ ਅਮਨਦੀਪ ਕੌਰ ਨੂੰ ਲੈ ਕੇ ਵੱਡੀ ਖਬਰ ਸਾਹਮਣੇ ਆਈ ਹੈ। ਵਿਜੀਲੈਂਸ ਬਿਊਰੋ ਬਠਿੰਡਾ ਕੋਲ ਰਿਮਾਂਡ ‘ਤੇ ਚੱਲ ਰਹੀ ਬਰਖਾਸਤ ਮਹਿਲਾ ਸਿਪਾਹੀ ਅਮਨਦੀਪ ਕੌਰ ਦੀ ਸਿਹਤ ਵਿਗੜਨ ਕਰਕੇ ਵਿਜੀਲੈਂਸ ਦੀ ਮੰਗ ‘ਤੇ ਅਦਾਲਤ ਨੇ ਉਸ ਦਾ ਰਿਮਾਂਡ ਖਤਮ ਕਰ ਦਿੱਤਾ ਹੈ, ਜੋ ਕੱਲ੍ਹ ਖਤਮ ਹੋਣਾ ਸੀ। ਉਸ ਨੂੰ ਪੱਥਰੀ ਦੇ ਦਰਦ ਦੇ ਇਲਾਜ ਲਈ ਪਹਿਲਾਂ ਸਥਾਨਕ ਸਿਵਲ ਹਸਪਤਾਲ ਤੇ ਫਿਰ ਆਲ ਇੰਡੀਆ ਇੰਸਟੀਟਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼ ਬਠਿੰਡਾ) ਲਿਜਾਇਆ ਗਿਆ, ਜਿਥੋਂ ਡਾਕਟਰਾਂ ਨੇ ਮੁਢਲਾ ਇਲਾਜ ਕਰਨ ਉਪਰੰਤ ਵਾਪਸ ਭੇਜ ਦਿੱਤਾ।

ਵਿਜੀਲੈਂਸ ਵਲੋਂ ਹੁਣ ਉਸ ਨੂੰ ਅਦਾਲਤੀ ਹੁਕਮਾਂ ਅਨੁਸਾਰ ਕੇਂਦਰੀ ਜੇਲ੍ਹ ਬਠਿੰਡਾ ਦੀ ਨਿਆਂਇਕ ਹਿਰਾਸਤ ਵਿਚ ਭੇਜਿਆ ਜਾ ਰਿਹਾ ਹੈ। ਵਿਜੀਲੈਂਸ ਬਿਊਰੋ ਬਠਿੰਡਾ ਦੇ ਡੀ.ਐਸ.ਪੀ. ਕੁਲਵੰਤ ਸਿੰਘ ਨੇ ਇਸ ਦੀ ਅਧਿਕਾਰਤ ਪੁਸ਼ਟੀ ਕੀਤੀ ਹੈ।

## ਭਾਜਪਾ-ਅਕਾਲੀ ਸਰਕਾਰ ਨੇ ਨਸ਼ਿਆਂ ਦਾ ਜ਼ਹਿਰ ਬੀਜਿਆ, ਨੌਜਵਾਨਾਂ ਦਾ ਭਵਿੱਖ ਬਰਬਾਦ ਕੀਤਾ: ਮਾਲਵਿੰਦਰ ਕੰਗ

### ਕੈਪਟਨ ਅਤੇ ਤਰੁਣ ਚੁੱਘ ਦੇ ਕਰੀਬੀ ਅਨੁਜ ਖੋਸਲਾ ਨੇ ਨਸ਼ਾ ਤਸਕਰ ਨੂੰ ਬਚਾਉਣ ਦਾ ਕੰਮ ਕੀਤਾ: ਕੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ ਤੋਂ ਕੌਂਸਲਰ ਅਨੁਜ ਖੋਸਲਾ ਵੱਲੋਂ ਇੱਕ ਦੋਸ਼ੀ ਡਰੱਗ ਤਸਕਰ ਲਈ ਜ਼ਮਾਨਤ ਬਾਂਡ ਪ੍ਰਾਪਤ ਕਰਨ ਦੇ ਖੁਲਾਸੇ ਤੋਂ ਬਾਅਦ ਭਾਜਪਾ ਨੂੰ ਕਾਫ਼ੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਆਪ’ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਤਿੱਖੀ ਆਲੋਚਨਾ ਕਰਦੇ ਹੋਏ ਦੋਸ਼ ਲਗਾਇਆ ਕਿ ਇਹ ਪਾਰਟੀ ਪੰਜਾਬ ਦੇ ਨਸ਼ਾ ਤਸਕਰਾਂ ਦੀ ਮੁੱਖ ਰਖਵਾਲਾ ਵਜੋਂ ਕੰਮ ਕਰਦੀ ਹੈ। ਉਨ੍ਹਾਂ ਭਾਜਪਾ ਆਗੂਆਂ ‘ਤੇ ਤਸਕਰਾਂ ਨੂੰ ਲਗਾਤਾਰ ਬਚਾਉਣ ਅਤੇ ਉਨ੍ਹਾਂ ਨੂੰ ਰਾਜਨੀਤਿਕ ਸਰਪ੍ਰਸਤੀ ਦੇਣ ਦਾ ਦੋਸ਼ ਲਗਾਇਆ।

ਕੰਗ ਨੇ ਮੀਡੀਆ ਨੂੰ ਅਨੁਜ ਖੋਸਲਾ ਦੀ ਭਾਜਪਾ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਭਾਜਪਾ ਦੇ ਰਾਸ਼ਟਰੀ ਸਕੱਤਰ ਤਰੁਣ ਚੁੱਘ ਨਾਲ ਇੱਕ ਤਸਵੀਰ ਦਿਖਾਈ, ਜਿਸ ਤੋਂ ਸਪੱਸ਼ਟ ਤੌਰ ‘ਤੇ ਪਤਾ ਚੱਲਦਾ ਹੈ ਕਿ ਖੋਸਲਾ ਕੈਪਟਨ ਅਮਰਿੰਦਰ ਅਤੇ ਚੁੱਘ ਦਾ ਕਰੀਬੀ ਸਾਥੀ ਹੈ।

ਕੰਗ ਨੇ ਕਿਹਾ ਕਿ ਅਨੁਜ ਖੋਸਲਾ ਕੈਪਟਨ ਅਮਰਿੰਦਰ ਸਿੰਘ ਦੇ ਬਹੁਤ ਨੇੜੇ ਹੈ ਅਤੇ ਪਟਿਆਲਾ ਵਿੱਚ ਉਨ੍ਹਾਂ ਦੇ ਸਾਰੇ ਸਮਾਗਮਾਂ ਦਾ ਆਯੋਜਨ ਕਰਦਾ ਰਿਹਾ ਹੈ। ਖੋਸਲਾ ਦੇ ਸਾਰੇ ਵੱਡੇ ਭਾਜਪਾ ਆਗੂਆਂ ਨਾਲ ਮਜ਼ਬੂਤ ਸਬੰਧ ਹਨ ਅਤੇ ਉਹ ਅਕਸਰ ਭਾਜਪਾ ਦੇ ਇਕੱਠਾਂ ਵਿੱਚ ਦੇਖੇ ਜਾਂਦੇ ਹਨ।

ਭਾਜਪਾ ਕੌਂਸਲਰ ਅਨੁਜ ਖੋਸਲਾ ਨੇ 29 ਮਾਰਚ, 2025 ਨੂੰ ਖੁਸ਼ਜੋਤ ਸਿੰਘ ਦੀ ਜ਼ਮਾਨਤ ਲਈ ਇੱਕ ਹਲਫ਼ਨਾਮਾ ਭਰਿਆ, ਜਿਸ ‘ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸਬੰਧਤ ਇੱਕ ਮਾਮਲੇ ਵਿੱਚ ਐਨਡੀਪੀਐਸ ਐਕਟ ਤਹਿਤ ਦੋਸ਼ ਲਗਾਇਆ ਗਿਆ ਸੀ।

ਕੰਗ ਨੇ ਟਿੱਪਣੀ ਕੀਤੀ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਨਸ਼ਿਆਂ ਵਿਰੁੱਧ ਜੰਗ ਛੇੜ ਰਹੀ ਹੈ। ਨਤੀਜੇ ਵਜੋਂ, ਪੂਰਾ ਪੰਜਾਬ ਨਸ਼ਿਆਂ ਅਤੇ ਨਸ਼ਾ ਤਸਕਰਾਂ ਵਿਰੁੱਧ ਇੱਕਜੁੱਟ ਹੈ। ਹਾਲਾਂਕਿ, ਭਾਜਪਾ ਆਗੂ ਨਸ਼ਾ ਤਸਕਰਾਂ ਲਈ ਜ਼ਮਾਨਤ ਪ੍ਰਾਪਤ ਕਰਨ ਵਿੱਚ ਰੁੱਝੇ ਹੋਏ ਹਨ। ਕੰਗ ਨੇ ਦੋਸ਼ ਲਾਇਆ ਕਿ ਭਾਜਪਾ ਨਹੀਂ ਚਾਹੁੰਦੀ ਕਿ ਪੰਜਾਬ ਨਸ਼ਿਆਂ ਤੋਂ ਮੁਕਤ ਹੋਵੇ ਕਿਉਂਕਿ ਇਸਦੇ ਕਈ ਆਗੂਆਂ ਦੇ ਨਸ਼ਾ ਤਸਕਰਾਂ ਨਾਲ ਡੂੰਘੇ ਸਬੰਧ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਨਸ਼ਿਆਂ ਦਾ ਖ਼ਤਰਾ ਅਕਾਲੀ-ਭਾਜਪਾ ਸਰਕਾਰ ਦੁਆਰਾ ਬੀਜੇ ਗਏ ਬੀਜਾਂ ਦਾ ਨਤੀਜਾ ਹੈ। ਉਨ੍ਹਾਂ ਨੇ ਨਸ਼ਾ ਤਸਕਰਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ, ਹਜ਼ਾਰਾਂ ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕੀਤਾ ਅਤੇ ਅਣਗਿਣਤ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ। ਆਪਣੇ ਵਿੱਤੀ ਲਾਭ ਲਈ, ਉਨ੍ਹਾਂ ਨੇ ਨਸ਼ਾ ਵੇਚਣ ਵਾਲਿਆਂ ਨਾਲ ਹੱਥ ਮਿਲਾਇਆ ਅਤੇ ਨਸ਼ਿਆਂ ਦੇ ਵਪਾਰ ਨੂੰ ਉਤਸ਼ਾਹਿਤ ਕੀਤਾ, ਜਿਸ ਦੇ ਨਤੀਜੇ ਅੱਜ ਪੰਜਾਬ ਭੁਗਤ ਰਿਹਾ ਹੈ।

ਕੰਗ ਨੇ ਕਿਹਾ ਕਿ ‘ਆਪ’ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ। ਨਸ਼ਾ ਤਸਕਰਾਂ ਵਿਰੁੱਧ ਰੋਜ਼ਾਨਾ



ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਦੋ ਮਹੀਨਿਆਂ ਵਿੱਚ, 10,000 ਤੋਂ ਵੱਧ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਹਜ਼ਾਰਾਂ ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ।

ਨਸ਼ਿਆਂ ਦੇ ਮਾਮਲੇ ‘ਤੇ, ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ ਬਹੁਤ ਸਪੱਸ਼ਟ ਹਨ: ਭਾਵੇਂ ਇਹ ਐਸਐਸਪੀ ਅਤੇ ਐਸਐਚਓ ਵਰਗੇ ਉੱਚ-ਦਰਜੇ ਦੇ ਪੁਲਿਸ ਅਧਿਕਾਰੀ ਹੋਣ ਜਾਂ ਸਿਆਸਤਦਾਨਾਂ ਨਾਲ ਜੁੜੇ ਨਸ਼ਾ ਤਸਕਰਾਂ, ਸਾਰਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮਾਨ ਸਰਕਾਰ ਨਸ਼ਿਆਂ, ਅਪਰਾਧ ਅਤੇ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਦੀ ਪਾਲਣਾ ਕਰਦੀ ਹੈ। ਅਜਿਹੇ ਮਾਮਲਿਆਂ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ।

## ਅਕਾਲੀ ਦਲ ਦਾ ਅਪਰਾਧ ਅਤੇ ਭ੍ਰਿਸ਼ਟਾਚਾਰ ਦਾ ਲੰਬਾ ਇਤਿਹਾਸ ਰਿਹਾ ਹੈ: ਮੁੱਖ ਮੰਤਰੀ ਮਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ‘ਤੇ ਤਿੱਖਾ ਹਮਲਾ ਬੋਲਦੀਆਂ ਉਨ੍ਹਾਂ ‘ਤੇ ਪਖੰਡ ਅਤੇ ਬੇਬੁਨਿਆਦ ਪ੍ਰਚਾਰ ਰਾਹੀਂ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਮੀਡੀਆ ਨੂੰ ਸੰਬੋਧਨ ਕਰਦਿਆਂ ਮਾਨ ਨੇ ਮਜੀਠੀਆ ਦੇ ਹਾਲੀਆ ਦਾਅਵਿਆਂ ਨੂੰ ਰੱਦ ਕੀਤਾ ਅਤੇ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਸ਼ੱਕੀ ਰਿਕਾਰਡ ਨੂੰ ਉਜਾਗਰ ਕੀਤਾ।

ਮੁੱਖ ਮੰਤਰੀ ਮਾਨ ਨੇ ਅੰਮ੍ਰਿਤਸਰ ਵਿੱਚ ਹਾਲ ਹੀ ਵਿੱਚ ਵਾਪਰੀ ਇੱਕ ਦੁਖਦਾਈ ਘਟਨਾ ਦਾ ਰਾਜਨੀਤੀਕਰਨ ਕਰਨ ਲਈ ਬਿਕਰਮ ਮਜੀਠੀਆ ਦੀ ਨਿੰਦਾ ਕੀਤੀ



ਜਿੱਥੇ ਇੱਕ ਗਰੀਬ ਵਿਅਕਤੀ

ਬਾਕੀ ਖਬਰ ਅਗਲੇ ਪੇਜ਼ ਤੇ

**Onkar Nath, (IAAS-1984)**
**(Former Additional Deputy Comptroller & Auditor General)**
**CONVENOR, ACTION COMMITTEE FOR RTE ACT, 2009, PUNJAB**
**#925, Phase 3-B-2, Sector-60, S.A.S. Nagar, Mohali, (Punjab)-160059, Email: onkarnath1959@gmail.com, Phone: 9530500142**



(Onkar Nath)

To Date: 27 May 2025

**Mrs. Anindita Mitra, IAS,**
The Secretary, Department of School Education
Government of Punjab, Punjab Mini Secretariat,
Sector-09, Chandigarh - 160009

**Subject: Request for Extension of time line for admissions on under Section 12(1)(c) of the RTE Act, 2009 for Academic Session 2025-26**

**Respected Madam,**

This is to bring to your urgent attention that despite the clear and binding directions of the Hon'ble Punjab & Haryana High Court dated 19 February 2025 regarding the enforcement of Section 12(1)(c) of the Right of Children to Free and Compulsory Education Act, 2009, the implementation process of admissions in Punjab remains delayed and inadequate.

2. The official instructions by the Government of Punjab, School Education Department and DPI (Elementary) Punjab were issued only on 21 March and 24 March 2025, i.e., more than a month after the High Court judgment, and just days before the start of the academic year on 1st April 2025. This inordinate delay has severely impacted the following activities:

a) Timely application and admission of eligible children,

b) The capacity of schools to process applications transparently, and

c) The ability of parents from EWS/DG categories to benefit from the scheme.

3. Moreover, the School Education Department did not launch any awareness campaign, among people and students and their families as mandated under RTE Act. This has left a vast majority of eligible children and their parents uninformed about their rights and the application procedures, especially in rural and underprivileged communities.

4. Keeping in view the delays in the admissions, we held a meeting on 16 Aril 2025 with the DPI (EE), Punjab who assured the issue of Standard Operating Procedure (SOP) within next 10 days i.e. by 26 April 2025 for streamlining admission process in an efficient and effective manner. But till date (27 May 2025) SOP has not been issued for implementation by all stakeholders viz; DEOS, private schools and students concerned.

5. In this regard, you are respectfully requested as under:

a) Extend the timeline for submission and acceptance of applications under Section 12(1)(c) up to 30 September 2025, in view of the government's own delay.

b) Issue fresh instructions to all private unaided schools to accept applications up to 30 September 2025 and to keep 25% seats reserved for EWS/DG students as per law and as decided by the Hon'ble High Court.

c) Launch a wide-scale awareness campaign through newspapers, radio & TV etc & establish helplines/nodal officers at district level to assist parents & monitor compliance.

d) Right to Education is a fundamental right under Article 21-A of the Constitution, and it is the State's obligation to ensure its equal and timely access to all children.

6. We are looking for necessary intervention in the matter.

**Yours sincerely,**
**(Onkar Nath)**

ਨੇ ਲਾਈਵ ਵਿਸਫੋਟਕ ਯੰਤਰ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹੋਏ ਆਪਣੀ ਜਾਨ ਗੁਆ ਦਿੱਤੀ। ਮਾਨ ਨੇ ਕਿਹਾ, "ਮਜੀਠੀਆ ਕਾਨੂੰਨ ਵਿਵਸਥਾ 'ਤੇ ਸਵਾਲ ਉਠਾਉਂਦੇ ਹਨ। ਪਰ ਉਹ ਕੌਣ ਹੁੰਦੇ ਹਨ ਬੋਲਣ ਵਾਲੇ? ਤੁਹਾਡੇ ਰਾਜ ਦੌਰਾਨ, ਇੱਕ ਐਸਐਚਓ ਨੂੰ ਆਪਣੀ ਧੀ ਦੀ ਇੱਜ਼ਤ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹੋਏ ਗੋਲੀ ਮਾਰ ਦਿੱਤੀ ਗਈ ਸੀ, ਅਤੇ 'ਮਜੀਠੀਆ ਜ਼ਿੰਦਾਬਾਦ' ਦੇ ਨਾਅਰੇ ਲਗਾਏ ਗਏ ਸਨ। ਕੀ ਤੁਸੀਂ ਇਹ ਭੁੱਲ ਗਏ ਹੋ?"

ਮਾਨ ਨੇ ਲੋਕਾਂ ਨੂੰ ਅਕਾਲੀ ਰਾਜ ਦੌਰਾਨ ਨਾਭਾ ਜੇਲ੍ਹ ਬ੍ਰੇਕ ਘਟਨਾ ਦੀ ਯਾਦ ਦਿਵਾਈ ਅਤੇ ਮਜੀਠੀਆ ਵਰਗੇ ਆਗੂਆਂ ਦੀ ਜਵਾਬਦੇਹੀ 'ਤੇ ਸਵਾਲ ਉਠਾਏ। ਉਨ੍ਹਾਂ ਨੇ ਕਿਹਾ ਕਿ ਕਿਵੇਂ ਅਕਾਲੀ ਆਗੂਆਂ ਨੇ ਡਰੱਗ ਮਾਫੀਆ ਅਤੇ ਗੈਂਗਸਟਰਾਂ ਨੂੰ ਸਮਰੱਥ ਬਣਾਇਆ, ਪੰਜਾਬ ਨੂੰ ਨਸ਼ਿਆਂ ਅਤੇ ਅਪਰਾਧ ਨਾਲ ਭਰ ਦਿੱਤਾ। ਮਾਨ ਨੇ ਕਿਹਾ "ਜਦੋਂ ਵੀ ਨਸ਼ਾ ਤਸਕਰ ਜਾਂ ਮਾਫੀਆ ਫੜੇ ਜਾਂਦੇ ਹਨ, ਤਾਂ ਉਨ੍ਹਾਂ ਦੇ ਤਾਰ ਲਾਜ਼ਮੀ ਤੌਰ 'ਤੇ ਅਕਾਲੀ ਆਗੂਆਂ ਨਾਲ ਜੁੜੇ ਹੁੰਦੇ ਹਨ,"।

ਮਾਨ ਨੇ ਕਿਹਾ, "ਮਜੀਠੀਆ ਇੱਕ ਅਜਿਹੀ ਵਿਰਾਸਤ ਨੂੰ ਦਰਸਾਉਂਦਾ ਹਨ ਜਿੱਥੇ ਗਰੀਬਾਂ ਨੂੰ ਆਪਣੀ ਆਵਾਜ਼ ਚੁੱਕਣ ਲਈ ਜੇਲ੍ਹਾਂ ਵਿੱਚ ਸੁੱਟਿਆ ਗਿਆ ਸੀ ਜਦੋਂ ਕਿ ਸ਼ਕਤੀਸ਼ਾਲੀ ਲੋਕਾਂ ਨੇ ਬਿਨਾਂ ਕਿਸੇ ਨਤੀਜੇ ਦੇ ਪੰਜਾਬ ਨੂੰ ਲੁੱਟਿਆ ਸੀ।" ਉਨ੍ਹਾਂ ਕਿਹਾ, "ਅਕਾਲੀ ਦਲ ਨੇ ਭ੍ਰਿਸ਼ਟਾਚਾਰ ਦਾ ਇੱਕ ਸਾਮਰਾਜ ਬਣਾਇਆ ਜਿਸਨੇ ਗੈਂਗਸਟਰਾਂ ਅਤੇ ਤਸਕਰਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਵਧਣ-ਫੁੱਲਣ ਦਿੱਤਾ। ਹੁਣ ਉਹ ਪੰਜਾਬ ਦੇ ਰੱਖਿਅਕ ਹੋਣ ਦਾ ਦਿਖਾਵਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕ ਹੁਣ ਉਨ੍ਹਾਂ ਦੇ ਝੂਠ 'ਤੇ ਵਿਸ਼ਵਾਸ ਨਹੀਂ ਕਰਨਗੇ।"

ਮੁੱਖ ਮੰਤਰੀ ਮਾਨ ਨੇ 'ਆਪ' ਅਤੇ ਅਕਾਲੀ ਦਲ ਦੇ ਸ਼ਾਸਨ ਮਾਡਲਾਂ ਵਿੱਚ ਇੱਕ ਵੱਡਾ ਅੰਤਰ ਦੱਸਿਆ। ਮਾਨ ਨੇ ਕਿਹਾ, "ਮਜੀਠੀਆ ਦੇ ਉਲਟ, ਜੋ ਸਿਰਫ਼ ਆਪਣੇ ਨਿੱਜੀ ਲਾਭ ਬਾਰੇ ਸੋਚਦੇ ਹਪ, ਮੇਰੀ ਸਰਕਾਰ ਅਜਿਹੀਆਂ ਨੀਤੀਆਂ ਪ੍ਰਤੀ ਵਚਨਬੱਧ ਹੈ ਜੋ ਪੰਜਾਬ ਦੇ ਆਮ ਲੋਕਾਂ ਨੂੰ ਤਰਜੀਹ ਦਿੰਦੀ ਹੈ। ਅਸੀਂ ਕਦੇ ਵੀ ਅਜਿਹੀ ਨੀਤੀ 'ਤੇ ਦਸਤਖਤ ਨਹੀਂ ਕਰਾਂਗੇ ਜੋ ਪੰਜਾਬ ਜਾਂ ਇਸਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ।"

ਮਜੀਠੀਆ ਦੇ ਦੋਹਰੇ ਮਾਪਦੰਡਾਂ ਦਾ ਪਰਦਾਫਾਸ਼ ਕਰਦੇ ਹੋ ਮਾਨ ਨੇ ਕਾਨੂੰਨ ਵਿਵਸਥਾ ਸੁਧਾਰਾਂ ਦੀ ਮੰਗ ਕਰਨ ਵਿੱਚ ਮਜੀਠੀਆ ਦੇ ਪਖੰਡ 'ਤੇ ਵੀ ਹਮਲਾ ਕੀਤਾ। ਮਾਨ ਨੇ ਕਿਹਾ "ਬਾਦਲਾਂ ਅਤੇ ਮਜੀਠੀਆ ਦੀ ਅਗਵਾਈ ਹੇਠ, ਅਕਾਲੀ ਦਲ ਕਾਨੂੰਨਹੀਣਤਾ ਅਤੇ ਲਾਲਚ ਦਾ ਪ੍ਰਤੀਕ ਬਣ ਗਿਆ। ਉਹ ਪੰਜਾਬ ਨੂੰ ਨਸ਼ਿਆਂ ਅਤੇ ਅਪਰਾਧ ਦੀ ਦਲਦਲ ਵਿੱਚ ਸੁੱਟਣ ਲਈ ਜ਼ਿੰਮੇਵਾਰ ਹਨ," ।

ਮੁੱਖ ਮੰਤਰੀ ਮਾਨ ਨੇ ਆਪਣੀ ਨਿੱਜੀ ਜਾਇਦਾਦ ਦੀ ਤੁਲਨਾ ਅਕਾਲੀ ਆਗੂਆਂ ਦੀ ਅਮੀਰੀ ਨਾਲ ਕੀਤੀ।ਮਾਨ ਨੇ ਚੁਣੌਤੀ ਦਿੱਤੀ "ਹਰ ਚੋਣ ਵਿੱਚ, ਮੈਂ ਆਪਣੀਆਂ ਜਾਇਦਾਦਾਂ ਦਾ ਐਲਾਨ ਕੀਤਾ ਹੈ। ਮੇਰੀ ਦੌਲਤ ਲਗਾਤਾਰ ਘੱਟਦੀ ਗਈ ਹੈ ਕਿਉਂਕਿ ਮੈਂ ਪੰਜਾਬ ਦੀ ਸੇਵਾ ਕਰਦਾ ਹਾਂ, ਆਪਣੀ ਨਹੀਂ। ਕੀ ਮਜੀਠੀਆ ਵੀ ਇਹੀ ਕਹਿ ਸਕਦੇ ਹਨ?"।

ਮਾਨ ਨੇ ਭ੍ਰਿਸ਼ਟ ਆਗੂਆਂ ਨੂੰ ਸਖ਼ਤ ਚੇਤਾਵਨੀ ਵੀ ਦਿੱਤੀ: "ਜਿਹੜੇ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ ਅਤੇ ਪੰਜਾਬ ਨੂੰ ਲੁੱਟਦੇ ਹਨ, ਉਨ੍ਹਾਂ ਨੂੰ ਇਨਸਾਫ਼ ਦਾ ਸਾਹਮਣਾ ਕਰਨਾ ਪਵੇਗਾ। ਕੋਈ ਵੀ ਦੌਲਤ ਤੁਹਾਨੂੰ ਤੁਹਾਡੇ ਕੰਮਾਂ ਦੇ ਨਤੀਜਿਆਂ ਤੋਂ ਨਹੀਂ ਬਚਾ ਸਕਦੀ। ਯਾਦ ਰੱਖੋ, ਗਰੀਬਾਂ ਅਤੇ ਇਮਾਨਦਾਰਾਂ ਦੀਆਂ ਪ੍ਰਾਰਥਨਾਵਾਂ ਹਮੇਸ਼ਾ ਪ੍ਰਮਾਤਮਾ ਤੱਕ ਪਹੁੰਚਦੀਆਂ ਹਨ, ਅਤੇ ਉਨ੍ਹਾਂ ਦੇ ਸਰਾਪ ਅਟੱਲ ਹਨ।"

ਸੀਐਮ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਅਕਾਲੀ ਦਲ ਦੇ ਝੂਠੇ ਦਾਅਵੇ ਰੱਦ ਕਰਨ ਅਤੇ ਇਮਾਨਦਾਰ ਸ਼ਾਸਨ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਮਾਨ ਨੇ ਕਿਹਾ, "ਅਕਾਲੀ ਦਲ ਭ੍ਰਿਸ਼ਟ ਅਤੀਤ ਦਾ ਇੱਕ ਅਵਸ਼ੇਸ਼ ਹੈ। ਉਨ੍ਹਾਂ ਕੋਲ ਬਹੁਤ ਸਾਰੇ ਮੌਕੇ ਸਨ ਅਤੇ ਉਨ੍ਹਾਂ ਨੇ ਗੁਆ ਦਿੱਤੇ। ਹੁਣ ਸਮਾਂ ਹੈ ਕਿ ਪੰਜਾਬ ਪਾਰਦਰਸ਼ਤਾ ਅਤੇ ਵਿਕਾਸ ਨਾਲ ਅੱਗੇ ਵਧੇ।"

# 29 ਮਈ ਨੂੰ 'ਬਲੈਕਆਊਟ' (ਅਪਰੇਸ਼ਨ ਸ਼ੀਲਡ) ਨਹੀਂ, 3 ਜੂਨ ਨੂੰ ਸ਼ਾਮ 7.30 ਵਜੇ 'ਅਪਰੇਸ਼ਨ ਸ਼ੀਲਡ' ਕੀਤਾ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਪੰਜਾਬ ਵਿੱਚ 29 ਮਈ ਨੂੰ 'ਬਲੈਕਆਊਟ' (ਅਪਰੇਸ਼ਨ ਸ਼ੀਲਡ) ਨਹੀਂ ਕੀਤਾ ਜਾਵੇਗਾ। ਪੰਜਾਬ ਪੁਲੀਸ ਨੇ 29 ਮਈ ਦੀ ਥਾਂ 3 ਜੂਨ ਨੂੰ ਸ਼ਾਮ 7.30 ਵਜੇ 'ਬਲੈਕਆਊਟ' (ਅਪਰੇਸ਼ਨ ਸ਼ੀਲਡ) ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਅੱਜ ਵਿਸ਼ੇਸ਼ ਡੀਜੀਪੀ ਅਤੇ ਡਾਇਰੈਕਟਰ ਸਿਵਲ ਡਿਫੈਂਸ ਪੰਜਾਬ ਸੰਜੀਵ ਕਾਲੜਾ ਨੇ ਸੂਬੇ ਦੇ ਮੁੱਖ ਸਕੱਤਰ, ਸਾਰੇ ਡਿਪਟੀ ਕਮਿਸ਼ਨਰਾਂ ਅਤੇ ਹੋਰਨਾਂ ਸੀਨੀਅਰ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ। ਸ੍ਰੀ



ਕਾਲੜਾ ਨੇ ਜਾਰੀ ਪੱਤਰ ਰਾਹੀਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ 3 ਜੂਨ ਨੂੰ ਸ਼ਾਮ 7.30 ਵਜੇ 'ਅਪਰੇਸ਼ਨ ਸ਼ੀਲਡ' ਨੂੰ ਅੰਜਾਮ ਦੇਣ ਦੇ ਨਿਰਦੇਸ਼ ਦਿੱਤੇ ਹਨ।

ਸ੍ਰੀ ਕਾਲੜਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸੇ ਵੀ ਆਫ਼ਤ ਨਾਲ ਨਜਿੱਠਣ ਦੌਰਾਨ ਲੋੜੀਂਦੇ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ 29 ਮਈ ਨੂੰ ਸਿਵਲ ਡਿਫੈਂਸ ਵਾਸਤੇ 'ਅਪਰੇਸ਼ਨ ਸ਼ੀਲਡ' ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਇਸ ਦੌਰਾਨ ਕੁਝ ਸਮੇਂ ਲਈ 'ਬਲੈਕਆਊਟ' ਕੀਤਾ ਜਾਵੇਗਾ। ਇਸ ਤੋਂ ਇਲਾਵਾ ਕਿਸੇ ਵੀ ਆਫ਼ਤ ਨਾਲ ਨਜਿੱਠਣ ਲਈ ਫਾਇਰ ਬ੍ਰਿਗੇਡ, ਸਿਹਤ ਸਹੂਲਤਾਂ ਅਤੇ ਹੋਰ ਸਿਵਲ ਡਿਫੈਂਸ ਵਾਲੰਟੀਅਰਾਂ ਦੀ ਚੌਕਸੀ ਦੀ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 29 ਮਈ ਨੂੰ ਇਹ ਮੌਕ ਡਰਿੱਲ ਨਹੀਂ ਕੀਤੀ ਜਾਵੇਗੀ ਕਿਉਂਕਿ ਇਹ ਡਰਿੱਲ ਸਿਵਲ ਡਿਫੈਂਸ ਦੇ ਸਟਾਫ ਵੱਲੋਂ ਕਰਵਾਈ ਜਾਣੀ ਹੈ, ਪਰ ਉਹ ਖ਼ੁਦ ਟਰੇਨਿੰਗ 'ਤੇ ਚੱਲ ਰਹੇ ਹਨ। ਇਸੇ ਕਰਕੇ ਪੰਜਾਬ ਵਿੱਚ ਕੀਤੀ ਜਾਣ ਵਾਲੀ ਮੌਕ ਡਰਿੱਲ ਹੁਣ 3 ਜੂਨ ਨੂੰ ਸ਼ਾਮ 7.30 ਵਜੇ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਭਾਰਤ-ਪਾਕਿਸਤਾਨ ਦਰਮਿਆਨ ਗੋਲੀਬੰਦੀ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਅਜਿਹੇ ਹਾਲਾਤ ਨਾਲ ਨਜਿੱਠਣ ਲਈ ਤਿਆਰੀ ਵਿੱਢੀ ਹੋਈ ਹੈ। ਕੇਂਦਰ ਸਰਕਾਰ ਵੱਲੋਂ ਸਰਹੱਦੀ ਸੂਬਿਆਂ ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ, ਰਾਜਸਥਾਨ ਤੇ ਗੁਜਰਾਤ ਵਿੱਚ 29 ਮਈ ਨੂੰ ਸਿਵਲ ਡਿਫੈਂਸ ਮਸ਼ਕਾਂ ਤਹਿਤ 'ਅਪਰੇਸ਼ਨ ਸ਼ੀਲਡ' ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਸਰਹੱਦੀ ਸੂਬਿਆਂ ਵਿੱਚ ਕੁਝ ਸਮੇਂ ਲਈ 'ਬਲੈਕਆਊਟ' ਕੀਤਾ ਜਾਵੇਗਾ ਪਰ ਪੰਜਾਬ ਵਿੱਚ 29 ਮਈ ਦੀ ਥਾਂ 3 ਜੂਨ ਦਿਨ ਨੂੰ ਮੌਕ ਡਰਿੱਲ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

# ਇਰਾਨ ਵਿਚ ਤਿੰਨ ਪੰਜਾਬੀ ਲਾਪਤਾ: ਪਰਿਵਾਰਾਂ ਨੇ ਅਗਵਾ ਕੀਤੇ ਜਾਣ ਦਾ ਖਦਸ਼ਾ ਜਤਾਇਆ, ਅਗਵਾਕਾਰਾਂ ਵੱਲੋਂ ਇਕ ਕਰੋੜ ਦੀ ਫਿਰੌਤੀ ਮੰਗਣ ਦਾ ਦਾਅਵਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਨਾਲ ਸਬੰਧਤ ਤਿੰਨ ਭਾਰਤੀ ਨਾਗਰਿਕ ਇਰਾਨ ਵਿਚ 1 ਮਈ ਤੋਂ ਲਾਪਤਾ ਹਨ। ਤਹਿਰਾਨ ਸਥਿਤ ਭਾਰਤੀ ਅੰਬੈਸੀ ਨੇ ਇਰਾਨੀ ਅਥਾਰਿਟੀਜ਼ ਨਾਲ ਰਾਬਤਾ ਕਰਕੇ ਭਾਰਤੀ ਨਾਗਰਿਕਾਂ ਨੂੰ ਲੱਭਣ ਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿਚ ਮਦਦ ਮੰਗੀ ਹੈ। ਲਾਪਤਾ ਪੰਜਾਬੀਆਂ ਦੀ ਪਛਾਣ ਸੰਗਰੂਰ ਦੇ ਹੁਸਨਪ੍ਰੀਤ ਸਿੰਘ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਜਸਪਾਲ ਸਿੰਘ ਤੇ ਹੁਸ਼ਿਆਰਪੁਰ ਦੇ ਅੰਮ੍ਰਿਤਪਾਲ ਸਿੰਘ ਵਜੋਂ ਦੱਸੀ ਗਈ ਹੈ।

ਪਰਿਵਾਰਕ ਮੈਂਬਰਾਂ ਅਨੁਸਾਰ, ਤਿੰਨਾਂ ਨੂੰ ਪੰਜਾਬ ਸਥਿਤ ਇੱਕ ਏਜੰਟ ਨੇ ਦੁਬਈ-ਇਰਾਨ ਰਸਤੇ ਆਸਟਰੇਲੀਆ ਲਿਜਾਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੂੰ



ਅੱਗੇ ਦੀ ਯਾਤਰਾ ਤੋਂ ਪਹਿਲਾਂ ਇਰਾਨ ਵਿੱਚ ਰਿਹਾਇਸ਼ ਦਾ ਭਰੋਸਾ ਦਿੱਤਾ ਗਿਆ ਸੀ। ਹਾਲਾਂਕਿ, ਇਰਾਨ ਵਿੱਚ ਉਤਰਨ ਤੋਂ ਥੋੜ੍ਹੀ ਦੇਰ ਬਾਅਦ ਇਨ੍ਹਾਂ ਨੂੰ ਕਥਿਤ ਅਗਵਾ ਕਰ ਲਿਆ ਗਿਆ।

ਰਿਪੋਰਟਾਂ ਅਨੁਸਾਰ ਅਗਵਾਕਾਰਾਂ ਨੇ ਉਨ੍ਹਾਂ ਦੀ ਰਿਹਾਈ ਲਈ 1 ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ ਅਤੇ ਪਰਿਵਾਰ ਨੂੰ ਇੱਕ ਪਰੇਸ਼ਾਨ ਕਰਨ ਵਾਲੀ ਵੀਡੀਓ ਵੀ ਭੇਜੀ ਜਿਸ ਵਿੱਚ ਤਿੰਨਾਂ ਨੂੰ ਪੀਲੀਆਂ ਰੱਸੀਆਂ ਨਾਲ ਬੰਨ੍ਹਿਆ ਹੋਇਆ ਦਿਖਾਇਆ ਗਿਆ ਹੈ ਤੇ ਉਨ੍ਹਾਂ ਦੀਆਂ ਬਾਹਾਂ ਤੋਂ ਖ਼ੂਨ ਵਗ ਰਿਹਾ ਹੈ।

# ਵਿਜੀਲੈਂਸ ਭ੍ਰਿਸ਼ਟਾਚਾਰ ਖ਼ਿਲਾਫ਼ ਕੱਸਿਆ ਸ਼ਿਕੰਜਾ,15,000 ਰੁਪਏ ਰਿਸ਼ਵਤ ਲੈਂਦਾ ASI ਵਿਜੀਲੈਂਸ ਬਿਊਰੋ ਵੱਲੋਂ ਕਾਬੂ

## ਮੁਲਜ਼ਮ ਪਹਿਲਾਂ ਦੋ ਕਿਸ਼ਤਾਂ ਵਿੱਚ ਲੈ ਚੁੱਕਾ ਹੈ 15000 ਰੁਪਏ ਰਿਸ਼ਵਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਨੂੰ ਜਾਰੀ ਰੱਖਦਿਆਂ, ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਥਾਣਾ, ਹਰਿਆਣਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਕੁਲਦੀਪ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਰੋਬਿਨ ਕੁਮਾਰ ਵਾਸੀ ਪਿੰਡ ਘਗਿਆਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ



ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਥਾਣੇ ਵਿੱਚ ਉਸ ਵਿਰੁੱਧ ਇੱਕ ਪੁਲਿਸ ਕੇਸ ਦਰਜ ਕੀਤਾ ਗਿਆ ਸੀ ਅਤੇ ਕੇਸ ਦੀ ਤਫਤੀਸ਼ ਏ.ਐਸ.ਆਈ. ਕੁਲਦੀਪ ਸਿੰਘ ਨੂੰ ਸੌਂਪੀ ਗਈ ਸੀ। ਪਰ ਇਹ ਐਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਉਕਤ ਏ.ਐਸ.ਆਈ. ਕੁਲਦੀਪ ਸਿੰਘ ਨੇ ਕਥਿਤ ਤੌਰ ‘ਤੇ ਵਿਰੋਧੀ ਧਿਰ ਨਾਲ ਮਿਲੀਭੁਗਤ ਕਰਕੇ ਉਕਤ ਸ਼ਿਕਾਇਤਕਰਤਾ, ਉਸਦੀ ਮਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਵਿਰੁੱਧ ਜਵਾਬੀ ਕੇਸ ਦਰਜ ਕਰ ਦਿੱਤਾ।

ਇਸ ਉਪਰੰਤ ਏ.ਐਸ.ਆਈ. ਕੁਲਦੀਪ ਸਿੰਘ ਨੇ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਦੀ ਮਾਂ ਨੂੰ ਸੋਨੇ ਦੀ ਚੇਨ ਚੋਰੀ ਕਰਨ ਦੇ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦਿੱਤੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਵੱਲੋਂ ਵਾਰ-ਵਾਰ ਬੇਨਤੀਆਂ ਕਰਨ ‘ਤੇ ਸੌਦਾ 30,000 ਰੁਪਏ ਵਿੱਚ ਤੈਅ ਹੋ ਗਿਆ ਅਤੇ ਏ.ਐਸ.ਆਈ. ਨੇ ਪਹਿਲੀ ਕਿਸ਼ਤ ਵਜੋਂ 10,000 ਰੁਪਏ ਲੈ ਲਏ। ਸ਼ਿਕਾਇਤ ਮੁਤਾਬਕ ਮੁਲਜ਼ਮ ਏ.ਐਸ.ਆਈ. ਨੇ ਰਿਸ਼ਵਤ ਦੇ ਬਾਕੀ 20000 ਰੁਪਏ ਦੀ ਮੰਗ ਕੀਤੀ ਅਤੇ ਦੂਜੀ ਕਿਸ਼ਤ ਵਜੋਂ 5,000 ਰੁਪਏ ਲੈ ਲਏ। ਸ਼ਿਕਾਇਤਕਰਤਾ ਨੇ ਆਪਣੇ ਮੋਬਾਈਲ ਫੋਨ ‘ਤੇ ਗੈਰ-ਕਾਨੂੰਨੀ ਤੌਰ ‘ਤੇ ਰਿਸ਼ਵਤ ਦੀ ਬਾਕੀ ਰਕਮ ਮੰਗਣ ਸਮੇਂ ਹੋਈ ਗੱਲਬਾਤ ਰਿਕਾਰਡ ਕਰ ਲਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਏ.ਐਸ.ਆਈ. ਕੁਲਦੀਪ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਤੀਜੀ ਕਿਸ਼ਤ ਵਜੋਂ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ, ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦਾ 89 ਸਾਲ ਦੀ ਉਮਰ ਵਿੱਚ ਦਿਹਾਂਤ

## ਮੋਹਾਲੀ ਫੋਰਟਿਸ ਹਸਪਤਾਲ ’ਚ ਚੱਲ ਰਿਹਾ ਸੀ ਇਲਾਜ, 89 ਸਾਲ ਦੀ ਉਮਰ ’ਚ ਲਏ ਆਖਰੀ ਸਾਹ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੀ ਰਾਜਨੀਤੀ ਦੇ ਮਾਣਯੋਗ ਆਗੂ ਅਤੇ ਅਕਾਲੀ ਦਲ ਦੇ ਸੀਨੀਅਰ ਨੇਤਾ ਸ. ਸੁਖਦੇਵ ਸਿੰਘ ਢੀਂਡਸਾ ਦਾ 89 ਸਾਲ ਦੀ ਉਮਰ ਵਿੱਚ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਿਹਾਂਤ ਹੋ ਗਿਆ।

### ਰਾਜਨੀਤਿਕ ਯਾਤਰਾ

ਸ. ਢੀਂਡਸਾ ਨੇ ਆਪਣੀ ਰਾਜਨੀਤਿਕ ਯਾਤਰਾ ਦੀ ਸ਼ੁਰੂਆਤ ਵਿਦਿਆਰਥੀ ਆਗੂ ਵਜੋਂ ਗਵਰਨਮੈਂਟ ਰਣਬੀਰ ਕਾਲਜ, ਸੰਗਰੂਰ ਤੋਂ ਕੀਤੀ। ਉਨ੍ਹਾਂ ਨੇ ਆਪਣੇ ਪਿੰਡ ਉਭਾਵਲ ਤੋਂ ਸਰਪੰਚ ਵਜੋਂ ਚੋਣ ਜਿੱਤ ਕੇ ਜ਼ਿਲ੍ਹਾ ਸੰਗਰੂਰ ਦੇ ਸਭ ਤੋਂ ਨੌਜਵਾਨ ਸਰਪੰਚ ਬਣਨ ਦਾ ਮਾਣ ਹਾਸਲ ਕੀਤਾ। ਉਨ੍ਹਾਂ ਨੇ 1972 ਵਿੱਚ ਧਨੌਲਾ ਵਿਧਾਨ ਸਭਾ ਹਲਕੇ ਤੋਂ ਸੁਤੰਤਰ ਉਮੀਦਵਾਰ ਵਜੋਂ ਚੋਣ ਜਿੱਤੀ ਅਤੇ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।

### ਸੰਸਦੀ ਅਤੇ ਮੰਤਰੀ ਅਹੁਦੇ

ਉਨ੍ਹਾਂ ਨੇ 1998 ਤੋਂ 2004 ਅਤੇ 2010 ਤੋਂ 2022 ਤੱਕ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ 2004 ਤੋਂ 2009 ਤੱਕ ਸੰਗਰੂਰ ਤੋਂ ਲੋਕ ਸਭਾ ਮੈਂਬਰ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਨੇ ਤੀਜੇ ਵਾਜਪਈ ਮੰਤਰੀਮੰਡਲ ਵਿੱਚ ਖੇਡ, ਰਸਾਇਣ ਅਤੇ ਖਾਦ ਮੰਤਰੀ ਵਜੋਂ 2000 ਤੋਂ 2004 ਤੱਕ ਸੇਵਾ ਕੀਤੀ।

### ਪਦਮ ਭੂਸ਼ਣ ਅਤੇ ਕਿਸਾਨ ਅੰਦੋਲਨ

ਸ. ਢੀਂਡਸਾ ਨੂੰ 2019 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਹਾਲਾਂਕਿ, ਉਨ੍ਹਾਂ ਨੇ 2020 ਵਿੱਚ ਕਿਸਾਨ ਅੰਦੋਲਨ ਦੌਰਾਨ ਇਹ ਸਨਮਾਨ ਵਾਪਸ ਕਰ ਦਿੱਤਾ ਸੀ, ਜੋ ਉਨ੍ਹਾਂ ਦੀ ਕਿਸਾਨਾਂ ਪ੍ਰਤੀ ਸਮਰਪਿਤਤਾ ਨੂੰ ਦਰਸਾਉਂਦਾ ਹੈ।

### ਧਾਰਮਿਕ ਸੇਵਾ ਅਤੇ ਅਕਾਲ ਤਖ਼ਤ ਦੀ ਸਜ਼ਾ

2024 ਵਿੱਚ, ਸ. ਢੀਂਡਸਾ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਤਹਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਸੇਵਾ ਨਿਭਾਈ, ਜਿਸ ਵਿੱਚ ਉਨ੍ਹਾਂ ਨੇ ਗੁਰਬਾਣੀ ਸੁਣੀ, ਭੰਡਾਰੇ ਦੀ ਸੇਵਾ ਕੀਤੀ ਅਤੇ ਦਰਬਾਰ ਸਾਹਿਬ ਦੇ ਦਰਵਾਜ਼ੇ ‘ਤੇ ਪਹਿਰਾ ਦਿੱਤਾ। ਉਨ੍ਹਾਂ ਨੇ ਇਸ਼ਾਰਾ ਦਿੱਤਾ ਸੀ ਕਿ ਇਹ ਸੇਵਾ ਪੂਰੀ ਕਰਨ ਤੋਂ ਬਾਅਦ ਉਹ ਰਾਜਨੀਤੀ ਤੋਂ ਸਨਿਆਸ ਲੈ ਸਕਦੇ ਹਨ।

### ਪਰਿਵਾਰ ਅਤੇ ਰਾਜਨੀਤਿਕ ਵਿਰਾਸਤ



ਸ. ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਵੀ ਪੰਜਾਬ ਦੀ ਰਾਜਨੀਤਿਕ ਜ਼ਿੰਦਗੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ 2012 ਤੋਂ 2017 ਤੱਕ ਪੰਜਾਬ ਦੇ ਵਿੱਤ ਮੰਤਰੀ ਵਜੋਂ ਸੇਵਾ ਕੀਤੀ।

ਸ. ਸੁਖਦੇਵ ਸਿੰਘ ਢੀਂਡਸਾ ਦੇ ਦਿਹਾਂਤ ਨਾਲ ਪੰਜਾਬ ਨੇ ਇੱਕ ਨਿੱਖਰਿਆ ਹੋਇਆ ਆਗੂ ਗੁਆ ਦਿੱਤਾ ਹੈ। ਉਨ੍ਹਾਂ ਦੀ ਸਿਆਣਪ, ਨਿਮਰਤਾ ਅਤੇ ਨੈਤਿਕਤਾ ਹਮੇਸ਼ਾ ਯਾਦ ਰਹੇਗੀ।

# 10,000 ਰੁਪਏ ਰਿਸ਼ਵਤ ਲੈਂਦਾ ਅਸਿਸਟੈਂਟ ਟਾਊਨ ਪਲੈਨਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਨਗਰ ਕੌਂਸਲ, ਗੁਰਦਾਸਪੁਰ ਵਿਖੇ ਤਾਇਨਾਤ ਸਹਾਇਕ ਟਾਊਨ ਪਲੈਨਰ (ਏ.ਟੀ.ਪੀ.) ਚਰਨਜੀਤ ਸਿੰਘ ਨੂੰ ਇੱਕ ਸਥਾਨਕ ਆਰਕੀਟੈਕਟ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਦੀਨਾਨਗਰ ਦੇ ਪਿੰਡ ਆਨੰਦਪੁਰ ਦੇ ਰਹਿਣ ਵਾਲੇ ਇੱਕ ਆਰਕੀਟੈਕਟ ਵੱਲੋਂ



ਸ਼ਿਕਾਇਤ ਦਰਜ ਕਰਵਾਉਣ ਉਪਰੰਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਗੁਰਦਾਸਪੁਰ ਸ਼ਹਿਰ ਵਿੱਚ ਆਪਣੇ ਪ੍ਰੋਜੈਕਟ ਲਈ ਐਨ.ਓ.ਸੀ. ਲਈ ਅਰਜ਼ੀ ਦਿੱਤੀ ਸੀ ਅਤੇ ਇਸ ਸਬੰਧੀ ਫਾਈਲ ਨੂੰ ਸ਼ੁਰੂ ਵਿੱਚ ਬਿਲਡਿੰਗ ਇੰਸਪੈਕਟਰ ਅਤੇ ਡਰਾਫਟਸਮੈਨ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਸੀ ਪਰ ਬਾਅਦ ਵਿੱਚ ਅੰਤਿਮ ਪ੍ਰਵਾਨਗੀ ਲਈ ਉਕਤ ਏ.ਟੀ.ਪੀ. ਕੋਲ ਭੇਜ ਦਿੱਤਾ ਗਿਆ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੁਲਜ਼ਮ ਨੇ ਜਾਣਬੁੱਝ ਕੇ ਬੇਲੋੜੇ ਇਤਰਾਜ਼ ਉਠਾਏ ਅਤੇ ਫਾਈਲ ਨੂੰ ਮਨਜ਼ੂਰੀ ਦੇਣ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਏ.ਟੀ.ਪੀ. ਚਰਨਜੀਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ, ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮੁਲਜ਼ਮ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# 30,000 ਰੁਪਏ ਰਿਸ਼ਵਤ ਲੈਣ ਵਾਲਾ ਸਿਵਲ ਸਰਜਨ ਦਫ਼ਤਰ ਦਾ ਕਲਰਕ ਵਿਜੀਲੈਂਸ ਬਿਊਰੋ ਵੱਲੋਂ ਕਾਬੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਤਹਿਤ ਸਿਵਲ ਸਰਜਨ ਦਫ਼ਤਰ, ਗੁਰਦਾਸਪੁਰ ਵਿਖੇ ਜਨਮ ਅਤੇ ਮੌਤ ਸਰਟੀਫਿਕੇਟ ਰਜਿਸਟ੍ਰੇਸ਼ਨ ਸ਼ਾਖਾ ਵਿਖੇ ਕਲਰਕ ਵਜੋਂ ਤਾਇਨਾਤ ਹਰਪ੍ਰੀਤ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਮੁਕੱਦਮੇ ਵਿੱਚ ਉਕਤ ਹਸਪਤਾਲ ਵਿੱਚ ਵਾਰਡ ਅਟੈਂਡੈਂਟ ਵਜੋਂ ਤਾਇਨਾਤ ਮੁੱਖ ਮੁਲਜ਼ਮ ਰਵਿੰਦਰਪਾਲ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਸਨੇ ਆਪਣੇ ਚਾਚੇ ਦੀ ਮੌਤ ਸਬੰਧੀ ਸਰਟੀਫਿਕੇਟ ਲੈਣ ਲਈ ਅਰਜ਼ੀ ਦਿੱਤੀ ਸੀ ਪਰ ਵਾਰਡ ਅਟੈਂਡੈਂਟ ਨੇ ਇਹ ਸਰਟੀਫਿਕੇਟ ਜਾਰੀ ਕਰਵਾਉਣ ਬਦਲੇ 40,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਵੱਲੋਂ ਗੱਲਬਾਤ ਉਪਰੰਤ ਰਿਸ਼ਵਤ ਦੀ ਰਕਮ 30,000 ਰੁਪਏ ਤੈਅ ਹੋ ਗਈ। ਇਸ ਉਪਰੰਤ ਉਕਤ ਮੁਲਜ਼ਮ ਰਵਿੰਦਰਪਾਲ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਸੀ।

ਉਨ੍ਹਾਂ ਅੱਗੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਉਕਤ ਵਾਰਡ ਅਟੈਂਡੈਂਟ ਨੇ ਖੁਲਾਸਾ ਕੀਤਾ ਹੈ ਕਿ ਉਸਨੇ ਉਕਤ ਰਿਸ਼ਵਤ ਆਪਣੇ ਅਤੇ ਉਕਤ ਕਲਰਕ ਹਰਪ੍ਰੀਤ ਸਿੰਘ ਵਾਸਤੇ ਲਈ ਸੀ। ਤਕਨੀਕੀ ਵਿਸ਼ਲੇਸ਼ਣ ਨੇ ਵੀ ਰਿਸ਼ਵਤ ਮੰਗਣ ਅਤੇ ਲੈਣ ਲਈ ਉਨ੍ਹਾਂ ਦੋਵਾਂ ਦੀ ਮਿਲੀਭੁਗਤ ਨੂੰ ਸਾਬਤ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਉਕਤ ਮੁੱਖ ਮੁਲਜ਼ਮ ਦੇ ਖੁਲਾਸੇ ਦੇ ਆਧਾਰ ‘ਤੇ ਹਰਪ੍ਰੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਉਕਤ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਅਤੇ ਅੱਜ ਉਸਨੂੰ ਵਿਜੀਲੈਂਸ ਬਿਊਰੋ ਯੂਨਿਟ ਗੁਰਦਾਸਪੁਰ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਪਟਵਾਰੀ ਦਾ ਸਹਾਇਕ 4000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪਟਵਾਰੀ ਰਣਜੀਤ ਸਿੰਘ ਦੇ ਸਹਾਇਕ ਸੁੱਖਾ ਨੂੰ ਜ਼ਮੀਨੀ ਰਿਕਾਰਡ ‘ਚ ਸੁਧਾਈ ਬਦਲੇ 4,000 ਰੁਪਏ ਦੀ ਰਿਸ਼ਵਤ



ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕਪੂਰਥਲਾ ਸ਼ਹਿਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਇੱਕ ਬੈਂਕ ਤੋਂ 10 ਲੱਖ ਰੁਪਏ ਦਾ ਮਕਾਨ ਲੈਣ ਲਈ ਕਰਜ਼ੇ ਵਾਸਤੇ ਅਰਜ਼ੀ ਦਿੱਤੀ ਸੀ। ਤਸਦੀਕ ਦੌਰਾਨ ਉਸਦੇ ਜਾਇਦਾਦ ਦੇ ਦਸਤਾਵੇਜ਼ਾਂ ਵਿੱਚ ਖਸਰਾ ਅਤੇ ਫਰਦ ਨੰਬਰਾਂ ਵਿੱਚ ਅੰਤਰ ਪਾਇਆ ਗਿਆ ਅਤੇ ਉਸਨੇ ਤਹਿਸੀਲ ਦਫ਼ਤਰ ਵਿੱਚ ਸੁਧਾਰ ਲਈ ਅਰਜ਼ੀ ਦਿੱਤੀ, ਜਿੱਥੇ ਤਹਿਸੀਲਦਾਰ ਨੇ ਉਸਦੀ ਅਰਜ਼ੀ ਨੂੰ ਕਾਰਵਾਈ ਲਈ ਪਟਵਾਰੀ ਰਣਜੀਤ ਸਿੰਘ ਕੋਲ ਭੇਜ ਦਿੱਤਾ।

ਉਨ੍ਹਾਂ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਨੇ ਪਟਵਾਰੀ ਦੇ ਉਕਤ ਸਹਾਇਕ ਸੁੱਖਾ ਨਾਲ ਸੰਪਰਕ ਕੀਤਾ ਤਾਂ ਉਸ ਨੇ ਰਿਸ਼ਵਤ ਦੀ ਪੇਸ਼ਗੀ ਰਕਮ ਵਜੋਂ 1,000 ਰੁਪਏ ਦੀ ਮੰਗ ਕੀਤੀ ਸੀ ਅਤੇ 4-5 ਦਿਨਾਂ ਵਿੱਚ ਉਸਦਾ ਕੰਮ ਪੂਰਾ ਕਰਨ ਦਾ ਵਾਅਦਾ ਕੀਤਾ ਸੀ। ਉਸ ਤੋਂ ਤਿੰਨ ਦਿਨਾਂ ਬਾਅਦ ਸੁੱਖੇ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਹੁਣ ਇਸ ਕੰਮ ਲਈ 6,000 ਰੁਪਏ ਦੀ ਹੋਰ ਰਿਸ਼ਵਤ ਦੇਣੀ ਪਵੇਗੀ। ਇਸ ਤੋਂ ਤੰਗ ਆ ਕੇ ਸ਼ਿਕਾਇਤਕਰਤਾ ਨੇ 26 ਮਈ ਨੂੰ ਸਿੱਧਾ ਪਟਵਾਰੀ ਰਣਜੀਤ ਸਿੰਘ ਨਾਲ ਸੰਪਰਕ ਕੀਤਾ, ਜਿਸਨੇ ਉਸਨੂੰ ਸੁੱਖੇ ਕੋਲ ਭੇਜ ਦਿੱਤਾ। ਇਸ ਵਾਰ ਸਹਾਇਕ ਸੁੱਖਾ ਨੇ ਆਪਣੀ ਰਿਸ਼ਵਤ ਦੀ ਮੰਗ ਵਧਾ ਕੇ 8,000 ਰੁਪਏ ਕਰ ਦਿੱਤੀ ਅਤੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਆਮ ਤੌਰ ‘ਤੇ ਇਸ ਕੰਮ ਨੂੰ 20 ਦਿਨ ਲਗਦੇ ਹਨ ਪਰ ਪੈਸੇ ਦੇ ਕੇ ਇਹ ਕੰਮ ਜਲਦੀ ਕਰਵਾਇਆ ਜਾ ਸਕਦਾ ਹੈ। ਗੱਲਬਾਤ ਤੋਂ ਬਾਅਦ ਦੋਵਾਂ ਦਰਮਿਆਨ ਸੌਦਾ 4,000 ਰੁਪਏ ‘ਚ ਤੈਅ ਹੋ ਗਿਆ ਅਤੇ ਸੁੱਖੇ ਨੇ ਸ਼ਿਕਾਇਤਕਰਤਾ ਨੂੰ ਇਸਦੀ ਤੁਰੰਤ ਔਨਲਾਈਨ ਅਪਡੇਟਸ ਦੇਣ ਦਾ ਭਰੋਸਾ ਦਿੱਤਾ। ਸ਼ਿਕਾਇਤਕਰਤਾ ਨੇ ਸਾਰੀ ਗੱਲਬਾਤ ਰਿਕਾਰਡ ਕੀਤੀ ਕਰਕੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਸੁੱਖੇ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 4000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਹਰ ਐਤਵਾਰ ਬੁੱਧ ਵਿਹਾਰ ਜਾਣਾ ਹਰ ਬੋਧੀ ਧਾਮ ਦੇ ਅਨੁਯਾਈ ਦਾ ਪਹਿਲਾ ਫਰਜ਼ ਹੈ।

24 ਨਵੰਬਰ, 1956 ਨੂੰ ਦੁਪਹਿਰ 1 ਵਜੇ, ਡਾ. ਬਾਬਾ ਸਾਹਿਬ ਅੰਬੇਡਕਰ ਕਾਸ਼ੀ ਤੋਂ ਸਾਰਨਾਥ ਆਏ। ਉਹ ਉੱਥੇ ਦੇ ਭਿਕਸ਼ੂਆਂ ਨੂੰ ਮਿਲੇ। ਉਨ੍ਹਾਂ ਨਾਲ ਚਰਚਾ ਕਰਦੇ ਹੋਏ, ਬਾਬਾ ਸਾਹਿਬ ਨੇ ਮੁੱਖ ਤੌਰ 'ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰ ਬੋਧੀ ਨੂੰ ਹਰ ਐਤਵਾਰ ਨਿਯਮਿਤ ਤੌਰ 'ਤੇ ਬੁੱਧ ਵਿਹਾਰ ਜਾਣਾ ਚਾਹੀਦਾ



ਹੈ ਅਤੇ ਉਪਦੇਸ਼ ਪ੍ਰਾਪਤ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ, ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਹਰ ਵਿਭਾਗ ਵਿੱਚ ਬੁੱਧ ਵਿਹਾਰ ਬਣਾਉਣਾ ਅਤੇ ਮੀਟਿੰਗਾਂ ਕਰਨ ਲਈ ਕਾਫ਼ੀ ਜਗ੍ਹਾ ਵਾਲਾ ਹਾਲ ਹੋਣਾ ਜ਼ਰੂਰੀ ਹੈ। ਇਸ ਦ੍ਰਿਸ਼ਟੀਕੋਣ ਤੋਂ, ਸੀਲੋਨ, ਬਰਮਾ, ਤਿੱਬਤ, ਚੀਨ ਆਦਿ ਦੇਸ਼ਾਂ ਦੇ ਭਿਕਸ਼ੂਆਂ ਨੇ ਅੱਗੇ ਆਉਣ ਅਤੇ ਹੋਰ ਪੈਸਾ ਇਕੱਠਾ ਕਰਕੇ ਮਦਦ ਕਰਨ ਦੀ ਸਲਾਹ ਦਿੱਤੀ।

ਇਸ ਮੌਕੇ 'ਤੇ ਮੌਜੂਦ ਲੋਕਾਂ ਅਤੇ ਭਿਕਸ਼ੂਆਂ ਨੂੰ ਸੰਬੋਧਨ ਕਰਦਿਆਂ ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ-

"ਹੁਣ ਜਨਤਾ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਕੀ ਹਿੰਦੂ ਧਰਮ ਗ੍ਰੰਥਾਂ ਵਿੱਚ ਵਰਣਿਤ ਜੀਵਨ ਅਤੇ ਸਾਡੇ ਦੁਆਰਾ ਤਿਆਰ ਕੀਤੇ ਗਏ ਸੰਵਿਧਾਨ ਵਿੱਚ ਕੋਈ ਸਮਾਨਤਾ ਹੈ? ਜੇ ਨਹੀਂ, ਤਾਂ ਇਸਦਾ ਕਾਰਨ ਕੀ ਹੋ ਸਕਦਾ ਹੈ? ਸਾਨੂੰ ਜਾਂ ਤਾਂ ਆਪਣੇ ਧਰਮ ਨੂੰ ਸਵੀਕਾਰ ਕਰਨਾ ਪਵੇਗਾ ਜਾਂ ਸੰਵਿਧਾਨ ਨੂੰ। ਜਾਂ ਤਾਂ ਧਰਮ ਨੂੰ ਜ਼ਿੰਦਾ ਰੱਖਣਾ ਪਵੇਗਾ ਜਾਂ ਸੰਵਿਧਾਨ ਨੂੰ ਜਗਾਉਣਾ ਪਵੇਗਾ। ਦੋਵੇਂ ਚੀਜ਼ਾਂ ਇੱਕੋ ਜਗ੍ਹਾ 'ਤੇ ਮੌਜੂਦ ਨਹੀਂ ਹੋ ਸਕਦੀਆਂ, ਦੋਵਾਂ ਵਿੱਚ ਕੋਈ ਮੇਲ ਨਹੀਂ ਹੋ ਸਕਦਾ।

ਹਿੰਦੂ ਧਰਮ ਵਿੱਚ ਬਹੁਤ ਸਾਰੇ ਵਿਚਾਰ ਹਨ। ਸ਼ੰਕਰਾਚਾਰੀਆ ਦਾ ਵਿਚਾਰ ਉਨ੍ਹਾਂ ਵਿੱਚੋਂ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਸ਼ੰਕਰਾਚਾਰੀਆ ਦੇ 'ਬ੍ਰਹਮ ਸਤਯਮ ਜਗਨਮਿਥਿਆ' ਦੇ ਸਿਧਾਂਤ ਨੂੰ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪਰ ਬੁੱਧ ਧਰਮ ਦੇ ਉੱਚ ਸਿਧਾਂਤਾਂ ਦੇ ਸਾਹਮਣੇ ਇਹ ਬਹੁਤ ਮਾਮੂਲੀ ਅਤੇ ਅਰਥਹੀਣ ਹੈ। ਨਵੇਂ ਧਰਮ ਪਰਿਵਰਤਨ ਕਰਨ ਵਾਲੇ ਬੋਧੀਆਂ ਦਾ ਹਰ ਐਤਵਾਰ ਬੋਧੀ ਵਿਹਾਰ ਜਾਣਾ ਮੁੱਢਲਾ ਫਰਜ਼ ਹੈ। ਨਹੀਂ ਤਾਂ, ਨਵੇਂ ਬੋਧੀਆਂ ਨੂੰ ਧੰਮ ਨਾਲ ਜਾਣੂ ਨਹੀਂ ਕਰਵਾਇਆ ਜਾਵੇਗਾ। ਇਸ ਲਈ, ਵੱਖ-ਵੱਖ ਥਾਵਾਂ 'ਤੇ ਬੁੱਧ ਵਿਹਾਰ ਬਣਾਏ ਜਾਣੇ ਚਾਹੀਦੇ ਹਨ। ਵਿਹਾਰ ਵਿੱਚ ਮੀਟਿੰਗਾਂ ਕਰਨ ਲਈ ਇੱਕ ਜਗ੍ਹਾ ਹੋਣੀ ਚਾਹੀਦੀ ਹੈ। ਲੰਕਾ, ਬਰਮਾ ਦੇ ਬੋਧੀ ਭਿਕਸ਼ੂ, ਤਿੱਬਤ, ਚੀਨ ਆਦਿ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਪੈਸੇ ਇਕੱਠੇ ਕਰਨੇ ਚਾਹੀਦੇ ਹਨ ਅਤੇ ਭਾਰਤ ਦੇ ਬੋਧੀਆਂ ਦੀ ਮਦਦ ਕਰਨੀ ਚਾਹੀਦੀ ਹੈ।

ਅੱਜ ਸਵੇਰੇ ਉੱਤਰ ਪ੍ਰਦੇਸ਼ ਦੇ ਸਾਬਕਾ ਚੇਅਰਮੈਨ ਅਯ. ਦਵਾਰਕਾ ਪ੍ਰਸਾਦ ਮੈਨੂੰ ਮਿਲੇ। ਉਨ੍ਹਾਂ ਨੇ ਮੈਨੂੰ ਦਸੰਬਰ ਵਿੱਚ ਜੌਨਪੁਰ ਜਾਣ ਦੀ ਬੇਨਤੀ ਕੀਤੀ। ਮੈਂ ਉਨ੍ਹਾਂ ਨੂੰ ਜਾਣ ਦਾ ਭਰੋਸਾ ਦਿੱਤਾ। ਪਰ ਅਜੇ ਤਾਰੀਖ਼ ਤੈਅ ਨਹੀਂ ਹੋਈ ਹੈ। ਜੌਨਪੁਰ ਵਿੱਚ ਇੱਕ ਵਿਸ਼ਾਲ ਭਾਈਚਾਰਕ ਧਰਮ ਪਰਿਵਰਤਨ ਪ੍ਰੋਗਰਾਮ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਮੌਕੇ 'ਤੇ ਉੱਤਰ ਪ੍ਰਦੇਸ਼ ਦੇ ਪੂਰਨੀਆ ਜ਼ਿਲ੍ਹੇ ਦੇ ਲੱਖਾਂ ਪਛੜੇ ਲੋਕ ਦੀਖਿਆ ਲੈਣਗੇ। ਅੱਜ ਵੀ, ਉੱਚ ਜਾਤੀ ਦੇ ਹਿੰਦੂਆਂ ਦੁਆਰਾ ਇਨ੍ਹਾਂ ਪਛੜੀਆਂ ਜਾਤੀਆਂ (ਓ.ਬੀ.ਸੀ.) ਅਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦਾ ਸ਼ੋਸ਼ਣ ਜਾਰੀ ਹੈ। ਬੁੱਧ ਧਰਮ ਵਿੱਚ ਦੀਖਿਆ ਲੈ ਕੇ, ਉਹ ਦੁਬਾਰਾ ਆਪਣੇ ਪੁਰਖਿਆਂ ਦੇ ਮਾਰਗ 'ਤੇ ਚੱਲਣਗੇ।

ਬੁੱਧ ਧਰਮ ਇੱਕ ਮਜ਼ਬੂਤ ਨੀਂਹ 'ਤੇ ਸ਼ੁਰੂ ਹੋਇਆ ਹੈ। ਇਹ ਮਨੁੱਖਤਾ ਦਾ ਧਰਮ ਹੈ। ਇਸ ਧਰਮ ਤੋਂ ਇਲਾਵਾ, ਮਨੁੱਖਾਂ ਦੇ ਕਲਿਆਣ ਲਈ ਕੋਈ ਹੋਰ ਢੁਕਵਾਂ ਧਰਮ ਨਹੀਂ ਹੈ।

ਸਾਨੂੰ ਭਾਰਤ ਦੇ ਪ੍ਰਾਚੀਨ ਇਤਿਹਾਸ ਨੂੰ ਜਾਣਨਾ ਹੋਵੇਗਾ। ਭਾਰਤ ਵਿੱਚ ਪਹਿਲਾ ਯੁੱਧ ਆਰੀਅਨਾਂ ਅਤੇ ਨਾਗਾ ਲੋਕਾਂ ਵਿਚਕਾਰ ਹੋਇਆ ਸੀ। ਯੁੱਧ ਵਿੱਚ ਆਰੀਅਨਾਂ ਕੋਲ ਘੋੜੇ ਸਨ। ਆਪਣੀ ਤਾਕਤ ਨਾਲ, ਉਨ੍ਹਾਂ ਨੇ ਨਾਗਾ ਲੋਕਾਂ ਨੂੰ ਹਰਾਇਆ। ਉਹੀ ਨਾਗਾ ਅੱਜ ਹਿੰਦੂ ਹਨ। ਨਾਗਾ ਬੁੱਧ ਧਰਮ ਸਭ ਤੋਂ ਪਹਿਲਾਂ ਸਵੀਕਾਰ ਕਰਨ ਵਾਲੇ ਸਨ।

ਉਨ੍ਹਾਂ ਨੂੰ ਬੋਧੀ ਧਰਮ ਵਿੱਚ ਤਬਦੀਲ ਕੀਤਾ ਗਿਆ ਕਿਉਂਕਿ ਉਨ੍ਹਾਂ ਨੂੰ ਬੋਧੀ ਧਰਮ ਫੈਲਾਉਣ ਵਿੱਚ ਸਫਲਤਾ ਮਿਲੀ। ਪਰ ਆਰੀਅਨਾਂ ਨੇ ਸਮੇਂ-ਸਮੇਂ 'ਤੇ ਇਨ੍ਹਾਂ ਨਾਗਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਇਸਦਾ ਸਬੂਤ ਮਹਾਂਭਾਰਤ ਵਿੱਚ ਕਈ ਵਾਰ ਮਿਲਦਾ ਹੈ। ਬਾਅਦ ਵਿੱਚ ਆਰੀਅਨਾਂ ਨੇ ਬ੍ਰਾਹਮਣ ਧਰਮ ਨੂੰ ਵਿਆਪਕ ਬਣਾਇਆ। ਇਸ ਵਿੱਚ ਬਹੁਤ ਸਾਰੀਆਂ ਕਮੀਆਂ ਪੈਦਾ ਹੋਈਆਂ। ਚਤੁਰਵਰਣ ਪ੍ਰਣਾਲੀ ਬ੍ਰਾਹਮਣਾਂ ਦੁਆਰਾ ਹੀ ਸ਼ੁਰੂ ਕੀਤੀ ਗਈ ਸੀ। ਭਗਵਾਨ ਬੁੱਧ ਨੇ ਚਤੁਰਵਰਣ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਚਤੁਰਵਰਣ ਨੂੰ ਤਬਾਹ ਕਰ ਦਿੱਤਾ ਅਤੇ ਸਮਾਨਤਾ ਨੂੰ ਉਤਸ਼ਾਹਿਤ ਕੀਤਾ। ਇਸ ਆਧਾਰ 'ਤੇ ਬੁੱਧ ਧਰਮ ਦੀ ਸਥਾਪਨਾ ਹੋਈ। ਭਗਵਾਨ ਬੁੱਧ ਨੇ ਬ੍ਰਾਹਮਣਾਂ ਦੇ ਯੱਗਾਂ ਨੂੰ ਅਵੈਧ ਐਲਾਨਿਆ ਅਤੇ ਉਨ੍ਹਾਂ ਨੂੰ ਰੋਕ ਦਿੱਤਾ। ਬ੍ਰਾਹਮਣਾਂ ਨੇ ਹਿੰਸਾ ਦੀ ਪ੍ਰਥਾ ਸ਼ੁਰੂ ਕੀਤੀ ਸੀ। ਇਸ ਨੂੰ ਤਬਾਹ ਕਰਕੇ, ਪਰਮਾਤਮਾ ਨੇ ਅਹਿੰਸਾ ਫੈਲਾਈ।

ਭਗਵਾਨ ਨੇ ਕਿਹਾ ਹੈ ਕਿ ਬੁੱਧ ਧਰਮ ਇੱਕ ਸਮੁੰਦਰ ਵਾਂਗ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਹੈ। ਭਗਵਾਨ ਬੁੱਧ ਨੇ ਦਇਆ ਫੈਲਾਈ ਅਤੇ ਉਸ ਯੁੱਗ ਦੇ ਬਹੁਜਨ ਲੋਕਾਂ ਦੇ ਮਨਾਂ ਨੂੰ ਆਕਰਸ਼ਿਤ ਕੀਤਾ ਅਤੇ ਉਨ੍ਹਾਂ ਨੂੰ ਸਹੀ ਰਸਤਾ ਦਿਖਾਇਆ।

ਹਿੰਦੂ ਧਰਮ ਦੀਆਂ ਜੜ੍ਹਾਂ ਵਿੱਚ ਇੱਕ ਬਿਮਾਰੀ ਹੈ। ਇਸ ਲਈ ਸਾਨੂੰ ਇੱਕ ਵੱਖਰਾ ਧਰਮ ਅਪਣਾਉਣਾ ਪਵੇਗਾ। ਮੇਰੀ ਰਾਏ ਵਿੱਚ, ਬੁੱਧ ਧਰਮ ਹੀ ਇੱਕੋ ਇੱਕ ਢੁਕਵਾਂ ਧਰਮ ਹੈ। ਇਸ ਵਿੱਚ ਉੱਚ-ਨੀਚ, ਅਮੀਰ-ਗਰੀਬ, ਜਾਤੀ-ਵਰਗ ਆਦਿ ਦਾ ਕੋਈ ਵਿਤਕਰਾ ਨਹੀਂ ਹੈ।

ਲੋਕਾਂ ਦਾ ਕਲਿਆਣ ਅਛੂਤ ਵਰਗ ਬੁੱਧ ਧਰਮ ਨੂੰ ਸਵੀਕਾਰ ਕਰਨ 'ਤੇ ਨਿਰਭਰ ਹੈ। ਇਹ ਸਿਰਫ਼ ਹਿੰਦੂ ਸਮਾਜ ਤੋਂ ਹੀ ਸੰਭਵ ਹੈ। ਹਿੰਦੂ ਸਮਾਜ ਵਿੱਚ ਪ੍ਰਚਲਿਤ ਅਸਮਾਨਤਾ, ਵਿਤਕਰਾ, ਬੇਇਨਸਾਫ਼ੀ ਅਤੇ ਮਾੜੇ ਅਭਿਆਸਾਂ ਨੂੰ ਬੁੱਧ ਧਰਮ ਨੂੰ ਸਵੀਕਾਰ ਕਰਕੇ ਖਤਮ ਕੀਤਾ ਜਾ ਸਕਦਾ ਹੈ।

ਜੇਕਰ ਭਾਰਤ ਦੇ ਅਛੂਤ ਬੁੱਧ ਧਰਮ ਨੂੰ ਸਵੀਕਾਰ ਕਰਦੇ ਹਨ, ਤਾਂ ਬਰਮਾ, ਚੀਨ, ਜਾਪਾਨ, ਲੰਕਾ, ਥਾਈਲੈਂਡ, ਮਲੇਸ਼ੀਆ ਆਦਿ ਵਰਗੇ ਸਾਰੇ ਬੋਧੀ ਦੇਸ਼ ਸਾਡੀ ਤਰਸਯੋਗ ਸਥਿਤੀ ਨਾਲ ਹਮਦਰਦੀ ਕਰਨਗੇ। ਅਤੇ ਅਸੀਂ ਹਿੰਦੂ ਧਰਮ ਦੇ ਅੱਤਿਆਚਾਰਾਂ ਤੋਂ ਹਮੇਸ਼ਾ ਲਈ ਮੁਕਤ ਹੋਵਾਂਗੇ। ਉੱਪਰ ਦੱਸੇ ਗਏ ਦੇਸ਼ਾਂ ਨੇ ਸਾਡੇ 'ਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਆਵਾਜ਼ ਨਾ ਚੁੱਕਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੇ ਸੋਚਿਆ ਕਿ ਇਹ ਹਿੰਦੂਆਂ ਦਾ ਘਰੇਲੂ ਝਗੜਾ ਹੈ। ਜੇਕਰ ਬੁੱਧ ਧਰਮ ਨੂੰ ਸਵੀਕਾਰ ਕਰਨ ਤੋਂ ਬਾਅਦ ਵੀ, ਹਿੰਦੂ ਸਾਨੂੰ ਸਮਾਨਤਾ, ਆਜ਼ਾਦੀ, ਭਾਈਚਾਰਾ ਆਦਿ ਤੋਂ ਦੂਰ ਰੱਖਦੇ ਹਨ, ਤਾਂ ਅਸੀਂ ਉੱਚ ਬੋਧੀ ਦੇਸ਼ਾਂ ਦੀ ਮਦਦ ਨਾਲ ਇਸਨੂੰ ਪ੍ਰਾਪਤ ਕੀਤੇ ਬਿਨਾਂ ਨਹੀਂ ਕਰ ਸਕਾਂਗੇ।

ਹਿੰਦੂ ਧਰਮ ਦੇ ਮੱਥੇ 'ਤੇ ਛੂਤ-ਛਾਤ ਦਾ ਕਲੰਕ ਹੈ। ਇਹ ਹਿੰਦੂਆਂ ਦੇ ਦਿਲ ਵਿੱਚ ਬੁਰਾਈ ਨੂੰ ਦਰਸਾਉਂਦਾ ਹੈ। ਭਾਵੇਂ ਅਛੂਤ ਪਵਿੱਤਰ ਅਤੇ ਪਵਿੱਤਰ ਹੋਣ ਦੇ ਬਾਵਜੂਦ ਵੀ ਪਰਮਾਤਮਾ ਦੇ ਦਰਸ਼ਨ ਕਰਨ ਜਾਂਦੇ ਹਨ, ਪਰ ਮੰਦਰ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹਨ। ਉੱਚ ਜਾਤੀ ਦੇ ਹਿੰਦੂਆਂ ਦਾ ਫਰਜ਼ ਹੈ ਕਿ ਉਹ ਛੂਤ-ਛਾਤ, ਭੇਦਭਾਵ, ਜਾਤੀਵਾਦ ਆਦਿ ਨੂੰ ਆਪਣੀਆਂ ਜੜ੍ਹਾਂ ਤੋਂ ਖਤਮ ਕਰਨ। ਅਸੀਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਆਪਣੇ ਮੋਢਿਆਂ 'ਤੇ ਕਿਉਂ ਚੁੱਕੀਏ?

ਅੱਜ ਮੈਂ ਅਛੂਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਿਰਫ਼ ਅਜਿਹੇ ਧਰਮ ਨੂੰ ਸਵੀਕਾਰ ਕਰਨ ਜਿਸ ਵਿੱਚ ਸਾਰੇ ਮਨੁੱਖਾਂ ਲਈ ਕੋਈ ਭੇਦਭਾਵ ਨਾ ਹੋਵੇ। ਸਮਾਨਤਾ ਹੋਵੇ ਅਤੇ ਉਹ ਦੋਸਤਾਂ ਵਜੋਂ ਇਕੱਠੇ ਹੋ ਸਕਣ। ਇਹ ਬੁੱਧ ਧਰਮ ਵਿੱਚ ਉੱਚ ਆਦਰਸ਼ ਹੈ। ਜਿਸ ਤਰ੍ਹਾਂ ਬਹੁਤ ਸਾਰੀਆਂ ਨਦੀਆਂ ਸਮੁੰਦਰ ਵਿੱਚ ਮਿਲ ਜਾਂਦੀਆਂ ਹਨ ਅਤੇ ਆਪਣਾ ਵਜੂਦ ਭੁੱਲ ਜਾਂਦੀਆਂ ਹਨ, ਉਸੇ ਤਰ੍ਹਾਂ ਬੁੱਧ ਧਰਮ ਨੂੰ ਸਵੀਕਾਰ ਕਰਨ ਤੋਂ ਬਾਅਦ ਸਾਰੇ ਲੋਕ ਬਰਾਬਰ ਹੋ ਜਾਂਦੇ ਹਨ। ਉਨ੍ਹਾਂ ਵਿੱਚ ਕੋਈ ਅਸਮਾਨਤਾ ਨਹੀਂ ਹੈ। ਬੁੱਧ ਧਰਮ ਸਿਰਫ਼ ਅਛੂਤਾਂ ਲਈ ਹੀ ਨਹੀਂ ਸਗੋਂ ਸਾਰੇ ਮਨੁੱਖਾਂ ਲਈ ਵੀ ਲਾਭਦਾਇਕ ਹੈ। ਉੱਚ ਜਾਤੀ ਦੇ ਹਿੰਦੂਆਂ ਨੂੰ ਇਸ ਧਰਮ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਦੂਜੇ ਧਰਮਾਂ ਵਿੱਚ, ਪਰਮਾਤਮਾ ਨੂੰ ਦੁਨੀਆ ਦਾ ਸਿਰਜਣਹਾਰ ਮੰਨਿਆ ਜਾਂਦਾ ਹੈ ਅਤੇ ਉਸਨੂੰ ਬਾਕੀ ਨੁਕਸਾਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਬੁੱਧ ਧਰਮ ਵਿੱਚ ਅਜਿਹੀ ਵਿਚਾਰਧਾਰਾ ਮੌਜੂਦ ਨਹੀਂ ਹੈ। ਬੁੱਧ ਧਰਮ ਕਹਿੰਦਾ ਹੈ ਕਿ ਦੁਨੀਆ ਵਿੱਚ ਦੁੱਖ ਹਨ। ਇਹ ਮੰਨ ਕੇ ਕਿ ਦੁੱਖਾਂ ਨੂੰ ਦੂਰ ਕੀਤਾ ਜਾ ਸਕਦਾ ਹੈ, ਇਸ ਦੁੱਖ ਨੂੰ ਦੂਰ ਕਰਨ ਦੇ ਤਰੀਕਿਆਂ ਬਾਰੇ ਸੋਚਿਆ ਗਿਆ ਹੈ। ਹਿੰਦੂ ਧਰਮ ਦੀ ਵਿਚਾਰਧਾਰਾ ਪਰੰਪਰਾਵਾਂ 'ਤੇ ਅਧਾਰਤ ਹੈ। ਇਹ ਪਰੰਪਰਾਵਾਂ ਚਤੁਰਵਰਣ ਪ੍ਰਣਾਲੀ ਤੋਂ ਪੈਦਾ ਹੋਈਆਂ ਸਨ। ਬੁੱਧ ਧਰਮ ਵਿੱਚ ਬਹੁਤ ਸਾਰੇ ਭਿਕਸ਼ੂ ਅਤੇ ਭਿਕਸ਼ੂ ਹੋਏ ਹਨ। ਉਨ੍ਹਾਂ ਬਾਰੇ ਜਾਣਕਾਰੀ ਥੇਰਾ ਗਾਥਾ ਅਤੇ ਥੇਰੀ ਗਾਥਾ ਵਿੱਚ ਮਿਲਦੀ ਹੈ।

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਹਿੰਦੂਆਂ ਨੂੰ ਨਿਆਂ ਕਰਨ ਦਾ ਅਧਿਕਾਰ ਸੀ, ਪਰ ਅੱਜ ਤੱਕ ਉਨ੍ਹਾਂ ਨੇ ਅਛੂਤਾਂ ਨਾਲ ਹੀ ਬੇਇਨਸਾਫ਼ੀ ਕੀਤੀ ਹੈ। ਸਾਨੂੰ ਆਪਣੇ ਆਪ ਨੂੰ ਹਿੰਦੂਆਂ ਤੋਂ ਵੱਖ ਕਰਨਾ ਪਵੇਗਾ ਅਤੇ ਭਗਵਾਨ ਬੁੱਧ ਦੇ ਚਰਨਾਂ ਵਿੱਚ ਨਿਮਰ ਹੋਣਾ ਪਵੇਗਾ।

ਮੈਨੂੰ ਕਾਠਮੰਡੂ ਦੇ ਪਸ਼ੂਪਤੀਨਾਥ ਮੰਦਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਸੀ। ਮੈਂ ਕਿਸੇ ਵੀ ਹਿੰਦੂ ਮੰਦਰ ਵਿੱਚ ਨਹੀਂ ਜਾਂਦਾ। ਭਾਵੇਂ ਮੈਨੂੰ ਸੌ ਵਾਰ ਬੇਨਤੀ ਕੀਤੀ ਜਾਵੇ, ਮੇਰੇ ਲਈ ਉਸ ਮੰਦਰ ਵਿੱਚ ਜਾਣਾ ਸੰਭਵ ਨਹੀਂ ਹੈ। ਪਹਿਲੇ ਦਿਨ, ਨੇਪਾਲ ਦੇ ਮਹਾਰਾਜਾ ਨੇ ਮੇਰੇ ਨਿੱਜੀ ਸਕੱਤਰ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਡਾਕਟਰ ਸਾਹਿਬ ਨੂੰ ਮੰਦਰ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਸੀ ਕਿ ਮੌਜੂਦਾ ਸਥਿਤੀ ਓਨੀ ਮਾੜੀ ਨਹੀਂ ਹੈ ਜਿੰਨੀ ਉਦੋਂ ਸੀ ਜਦੋਂ ਬੋਧੀਆਂ ਨੂੰ ਹਿੰਦੂ ਮੰਦਰਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਸੀ। ਨੇਪਾਲ, ਸ਼੍ਰੀਲੰਕਾ ਅਤੇ ਭਾਰਤ ਦੇ ਭਿਕਸ਼ੂ ਮੰਦਰ ਜਾ ਰਹੇ ਸਨ ਪਰ ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਜੇਕਰ ਕੋਈ ਵਿਅਕਤੀ ਪਰਮਾਤਮਾ ਵਿੱਚ ਵਿਸ਼ਵਾਸ ਨਹੀਂ ਰੱਖਦਾ, ਉਹ ਅਜਿਹਾ ਕਰਦਾ ਹੈ, ਤਾਂ ਇਹ ਆਪਣੇ ਮਨ ਨੂੰ ਧੋਖਾ ਦੇ ਰਿਹਾ ਹੈ। ਇਹ ਹਿੰਦੂ ਪਰਮਾਤਮਾ ਦਾ ਅਪਮਾਨ ਹੈ। ਬੋਧੀਆਂ ਨੂੰ ਕਦੇ ਵੀ ਹਿੰਦੂ ਮੰਦਰਾਂ ਵਿੱਚ ਨਹੀਂ ਜਾਣਾ ਚਾਹੀਦਾ। ਬੋਧੀ ਮੱਠਾਂ ਵਿੱਚ, ਸਾਰੇ ਬਰਾਬਰ ਹਨ। ਉੱਥੇ ਕਿਸੇ ਨੂੰ ਵੀ ਮਨ੍ਹਾ ਨਹੀਂ ਕੀਤਾ ਜਾਣਾ ਚਾਹੀਦਾ।

ਜੇ ਅਛੂਤ ਹਿੰਦੂ ਹੁੰਦੇ ਹੋਏ ਮੰਦਰ ਵਿੱਚ ਪ੍ਰਵੇਸ਼ ਕਰਨਾ ਚਾਹੁੰਦੇ ਹਨ, ਉਹ ਜ਼ਿੱਦੀ ਹਨ। ਜੇਕਰ ਉਹ ਬੇਇਨਸਾਫ਼ੀ, ਅਪਮਾਨ ਅਤੇ ਅਪਵਿੱਤਰਤਾ ਨੂੰ ਬਰਦਾਸ਼ਤ ਕਰਨਾ ਚਾਹੁੰਦੇ ਹਨ, ਤਾਂ ਇਹ ਉਨ੍ਹਾਂ ਦੀ ਇੱਛਾ ਹੈ। ਪਰ ਮੈਨੂੰ ਲੱਗਦਾ ਹੈ ਕਿ ਬੋਧੀਆਂ ਨੂੰ ਇਸ ਗੜਬੜ ਵਿੱਚ ਪੈਣ ਤੋਂ ਬਚਣਾ ਚਾਹੀਦਾ ਹੈ। ਸਾਡੀਆਂ ਰੋਜ਼ਾਨਾ ਪ੍ਰਾਰਥਨਾਵਾਂ ਵਿੱਚ, ਅਸੀਂ ਕਹਿੰਦੇ ਹਾਂ 'ਨੱਥੀ ਮੇ ਸਰਣਮ ਅੰਜਾ, ਬੁੱਧੋਂ ਮੇ ਸਰਣਮ ਵਰਮ'। ਜਿਹੜੇ ਲੋਕ ਕਹਿੰਦੇ ਹਨ ਕਿ ਮੈਂ ਬੁੱਧ ਤੋਂ ਇਲਾਵਾ ਕਿਸੇ ਹੋਰ ਦੀ ਸ਼ਰਨ ਨਹੀਂ ਲਵਾਂਗਾ, ਉਹ ਹਿੰਦੂ ਮੰਦਰ ਜਾਣ 'ਤੇ ਕਿਉਂ ਜ਼ੋਰ ਦੇਣਗੇ?

ਕਾਸ਼ੀ ਮੰਦਰ ਵਿੱਚ ਪ੍ਰਵੇਸ਼ ਇੱਕ ਰਾਜਨੀਤਿਕ ਸਟੰਟ ਹੈ। ਦਲਿਤਾਂ ਨੂੰ ਇਸ ਤੋਂ ਕਿਸੇ ਵੀ ਤਰ੍ਹਾਂ ਲਾਭ ਨਹੀਂ ਹੋਵੇਗਾ। ਇਸ ਲਈ ਸਾਡਾ ਮੁੱਖ ਫਰਜ਼ ਬੁੱਧ ਧਰਮ ਨੂੰ ਸਵੀਕਾਰ ਕਰਨਾ ਅਤੇ ਭਾਈਚਾਰੇ ਅਤੇ ਸਮਾਨਤਾ ਦਾ ਦਰਜਾ ਪ੍ਰਾਪਤ ਕਰਨਾ ਹੈ।" ਭਾਸ਼ਣ ਤੋਂ ਬਾਅਦ, ਵੱਖ-ਵੱਖ ਦੇਸ਼ਾਂ ਦੇ ਲਗਭਗ 150 ਭਿਕਸ਼ੂਆਂ ਨੇ ਡਾ. ਬਾਬਾ ਸਾਹਿਬ ਅੰਬੇਡਕਰ ਦੇ ਭਾਸ਼ਣ ਦਾ ਸਮਰਥਨ ਕੀਤਾ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਸ਼ਾਮ 5 ਵਜੇ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਸਾਰਨਾਥ ਦੇ ਖੰਡਰਾਂ ਦਾ ਨਿਰੀਖਣ ਕੀਤਾ। ਉਹ ਲਗਭਗ ਇੱਕ ਘੰਟੇ ਲਈ ਧੰਮ ਸਟੂਪ ਦੇ ਨੇੜੇ ਰਹੇ ਅਤੇ ਤਿੱਬਤੀ ਲਾਮਾ ਦੀ ਪੂਜਾ ਦਾ ਨਿਰੀਖਣ ਕੀਤਾ। ਇਸ ਤੋਂ ਬਾਅਦ, ਉਨ੍ਹਾਂ ਨੇ ਕੁਝ ਜਾਣਕਾਰੀ ਦਿੱਤੀ ਜਿਸਦਾ ਸਾਰਿਆਂ ਨੇ ਸਵਾਗਤ ਕੀਤਾ। ਸ਼ਾਮ 7 ਵਜੇ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਮੂਲਗੰਧ ਕੁਟੀ ਵਿੱਚ ਲੰਬੇ ਸਮੇਂ ਤੱਕ ਬੁੱਧ ਦੀ ਪੂਜਾ ਕੀਤੀ। ਇਸ ਤੋਂ ਬਾਅਦ, ਉਨ੍ਹਾਂ ਨੇ ਭਿਕਸ਼ੂਆਂ ਦੁਆਰਾ ਪੜ੍ਹੇ ਗਏ ਸੂਤਰ ਸੁਣੇ। ਉਨ੍ਹਾਂ ਨੇ ਅੱਧੇ ਘੰਟੇ ਲਈ ਤਿੱਬਤੀ ਪ੍ਰਚਾਰ ਵਿਧੀ ਦਾ ਵੀ ਨਿਰੀਖਣ ਕੀਤਾ।

# ਨਸ਼ਾ ਮੁਕਤੀ ਯਾਤਰਾ ਮੁਹਿੰਮ ਨੂੰ ਤੇਜ਼ੀ ਮਿਲੀ - ਮਾਨ

## *ਚੱਲ ਰਹੀ ਮੀਟਿੰਗ ਵਿੱਚ ਪ੍ਰਭਾਵਿਤ ਹੋਣ ਤੋਂ ਬਾਅਦ ਨਸ਼ੇ ਤੋਂ ਪੀੜਤ ਨੌਜਵਾਨ ਅੱਗੇ ਆਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ, 28 ਮਈ (ਸ਼ਿਵ ਕੌੜਾ) ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਬੁਰਾਈ ਨੂੰ ਖਤਮ ਕਰਨ ਲਈ ਪਿੰਡ-ਪਿੰਡ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਦੇ ਸਾਰਥਕ ਨਤੀਜੇ ਨਿਕਲਣੇ ਸ਼ੁਰੂ ਹੋ ਗਏ ਹਨ। ਇਸ ਤਹਿਤ ਅੱਜ ਫਗਵਾੜਾ ਦੇ ਪਿੰਡ ਖਜੂਰਲਾ ਵਿੱਚ ਹੋਈ ਇੱਕ ਮੀਟਿੰਗ ਦੌਰਾਨ ਦੋ ਨੌਜਵਾਨ ਪ੍ਰਭਾਵਿਤ ਹੋਏ ਅਤੇ ਨਸ਼ਾ ਛੱਡਣ ਲਈ ਇਲਾਜ ਕਰਵਾਉਣ ਲਈ ਅੱਗੇ ਆਏ। ਦੋਵਾਂ ਨੌਜਵਾਨਾਂ ਨੂੰ ਤੁਰੰਤ ਫਗਵਾੜਾ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਲਿਜਾਇਆ ਗਿਆ ਅਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ ਅਤੇ ਓਮ ਪ੍ਰਕਾਸ਼ ਬਿੱਟੂ, ਹਲਕਾ ਕੋਆਰਡੀਨੇਟਰ "ਯੁੱਧ ਨਸ਼ੇ ਕੇ ਵਿਰੁੱਧ" ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਦਦ ਨਾਲ ਦਾਖਲ ਕਰਵਾਇਆ। ਜ਼ਿਕਰਯੋਗ ਹੈ ਕਿ ਅੱਜ ਫਗਵਾੜਾ ਹਲਕੇ ਦੇ ਪਿੰਡਾਂ ਹਰਦਾਸਪੁਰ, ਮਹੇੜੂ, ਨਾਨਕ ਨਗਰੀ, ਖਜੂਰਲਾ ਭਾਖੜੀਆਣਾ, ਮਾਧੋਪੁਰ ਵਿੱਚ ਨਸ਼ਾ ਛੁਡਾਊ ਯਾਤਰਾ ਤਹਿਤ ਮੀਟਿੰਗਾਂ ਕੀਤੀਆਂ ਗਈਆਂ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਸ਼ੁਰੂ ਕੀਤੀ ਗਈ ਲੜਾਈ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਪ੍ਰਣ ਲਿਆ। ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹਰ ਪਿੰਡ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਗਵਾੜਾ ਹਲਕੇ ਦੇ 6 ਪਿੰਡਾਂ ਵਿੱਚ ਰੋਜ਼ਾਨਾ ਨਸ਼ਾ ਵਿਰੋਧੀ ਇਕੱਠ ਕੀਤੇ ਜਾ ਰਹੇ ਹਨ, ਜਿੱਥੇ ਲੋਕ ਇਸ ਸਮਾਜਿਕ ਬੁਰਾਈ ਵਿਰੁੱਧ ਲੜਨ ਲਈ ਅੱਗੇ ਆ ਰਹੇ ਹਨ। ਲੜਨ ਦਾ ਪ੍ਰਣ ਲੈਂਦੇ ਹੋਏ, ਇਸ ਮੌਕੇ ਰੁਪਿੰਦਰ ਕੌਰ ਐਸਪੀ ਫਗਵਾੜਾ, ਗੁਰਸ਼ਰਨ ਸਿੰਘ ਨਾਇਬ ਤਹਿਸੀਲਦਾਰ ਫਗਵਾੜਾ, ਗੁਰਦੀਪ ਸਿੰਘ ਦੀਪਾ ਕੋਆਰਡੀਨੇਟਰ ਆਦਿ ਮੌਜੂਦ ਸਨ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 9463601616
hardipchumber57@gmail.com

# ਸਾਕਾ ਨੀਲਾ ਤਾਰਾ (6 ਜੂਨ 1984)

ਸ ਕਸ਼ਮੀਰ ਸਿੰਘ ਭੁਲੱਥ
8146091954

**ਨੋਟ -: ਇਹ ਸਾਰੀ ਜਾਣਕਾਰੀ ਸੋਸ਼ਲ ਮੀਡੀਆ ਵਿੱਚ ਛਾਪੇ ਗਏ ਵੱਖ ਵੱਖ ਪੱਤਰਕਾਰਾਂ , ਬੁਧੀਜੀਵੀਆਂ ਦੁਆਰਾ ਲਿਖੇ ਗਏ ਆਰਟੀਕਲ ਤੋਂ ਇਕੱਤਰ ਕੀਤੀ ਗਈ ਹੈ।**

ਇਤਿਹਾਸ ਵਿੱਚ ਦਰਜ਼ ਉਹ ਕਾਲ਼ੀ ਤਰੀਕ ਹੈ । ਜਿਸ ਦਾ ਜ਼ਿਕਰ ਛਿੜਦਿਆਂ ਹੀ ਹਰ ਕਿਸੇ ਦੀ ਰੂਹ ਕੰਬ ਜਾਂਦੀ ਹੈ ਰੌਂਗਟੇ ਖੜ੍ਹੇ ਹੋ ਜਾਂਦੇ ਹਨ ।ਅੱਖਾਂ ਸਾਹਮਣੇ ਬੇਦੋਸ਼ਿਆਂ ਦੀਆਂ ਲਾਸ਼ਾਂ ਤੇ ਪੰਜਾਬ ਦੀ ਧਰਤੀ ਖ਼ੂਨ ਨਾਲ ਲਥਪਥ ਨਜ਼ਰ ਆਉਣ ਲੱਗ ਜਾਂਦੀ ਹੈ।

ਜੂਨ 1984 ਘੱਲੂਘਾਰਾ ਹੋਣ ਤੋਂ ਪਹਿਲਾਂ ਕੁੱਝ ਅਜਿਹੀਆਂ ਘਟਨਾਵਾਂ ਵਾਪਰੀਆਂ ਜੋ ਅਪਰੇਸ਼ਨ ਬਲਿਊ ਸਟਾਰ ਦੀ ਮੁੱਖ ਵਜ੍ਹਾ ਬਣੀ ।

1977 ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁੱਖੀ ਬਣੇ। ਜਿਨ੍ਹਾਂ ਦਾ ਮੁੱਖ ਏਜੰਡਾ ਧਰਮ ਪ੍ਰਚਾਰ ਵਿੱਚ ਤੇਜ਼ੀ ਲਿਆਉਣਾ, ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ ਅਤੇ ਪੰਜਾਬ ਲਈ ਖ਼ੁਦਮੁਖਤਿਆਰੀ ਲਈ ਕੇਂਦਰ ਸਰਕਾਰ ਕੋਲੋਂ ਮੰਗ ਰੱਖਣ ਲਈ ਅਗਵਾਈ ਕਰ ਰਹੇ ਸਨ।

ਅਪ੍ਰੈਲ 1978 ਵਿੱਚ ਨਿਰੰਕਾਰੀ ਸੰਪਰਦਾ ਦੇ ਮੁੱਖੀ ਗੁਰਬਚਨ ਸਿੰਘ ਦਾ ਅੰਮ੍ਰਿਤਸਰ ਵਿੱਚ ਸਮਾਗਮ ਰੱਖਿਆ ਗਿਆ ਜਿਸ ਦਾ ਅਖੰਡ ਕੀਰਤਨੀ ਜਥੇ ਅਤੇ ਦਮਦਮੀ ਟਕਸਾਲ ਦੇ ਸਿੰਘਾਂ ਵੱਲੋਂ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ।

ਵਿਰੋਧ ਦੇ ਦੌਰਾਨ ਦੋਹਾਂ ਧਿਰਾਂ ਦਰਮਿਆਨ ਗੋਲੀ ਚੱਲ ਗਈ ਜਿਸ ਵਿੱਚ 13 ਸਿੰਘਾਂ ਸਮੇਤ ਕੁੱਲ 18 ਲੋਕਾਂ ਦੀ ਮੌਤ ਹੋ ਗਈ ।

ਇਸ ਤੋਂ ਬਾਅਦ ਨਿਰੰਕਾਰੀ ਸੰਪਰਦਾ ਦੇ ਖਿਲਾਫ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ

ਅਸਲੀਅਤ ਵਿੱਚ ਨਫ਼ਰਤ ਦੀ ਚਿੰਗਾਰੀ ਇਥੋਂ ਹੀ ਧੁਖਣੀ ਸ਼ੁਰੂ ਹੋ ਗਈ ਸੀ। ਨਿਰੰਕਾਰੀਆਂ ਨੇ ਭਿੰਡਰਾਂਵਾਲੇ ਸਮਰਥਕਾਂ ਵਿਚਾਲੇ ਤਨਾਅ ਵੱਧਦਾ ਗਿਆ।

ਇਸੇ ਤਨਾਅ ਦੇ ਚਲਦਿਆਂ 24 ਅਪ੍ਰੈਲ 1980 ਨਿਰੰਕਾਰੀ ਸੰਪਰਦਾ ਦੇ ਮੁੱਖੀ ਗੁਰਬਚਨ ਸਿੰਘ ਨੂੰ ਦਿੱਲੀ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ । ਗਿਰਫ਼ਤਾਰ ਕੀਤੇ ਗਏ 20 ਸਿੰਘਾਂ ਦਾ ਸਬੰਧ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਦੱਸਿਆ ਗਿਆ ।

9 ਸਤੰਬਰ 1981 ਨੂੰ ਹਿੰਦ ਸਮਾਚਾਰ ਦੇ ਮੁੱਖ ਸੰਪਾਦਕ ਲਾਲਾ ਜਗਤ ਨਾਰਾਇਣ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ । ਵਜ੍ਹਾ ਇਹ ਸੀ ਲਾਲਾ ਜਗਤ ਨਰਾਇਣ ਆਪਣੇ ਅਖ਼ਬਾਰ ਵਿੱਚ ਸਿਖਾਂ ਪ੍ਰਤੀ ਨਫ਼ਰਤ ਉਗਲਦਾ ਸੀ।

,ਇਸ ਕਤਲ ਦਾ ਜ਼ਿੰਮੇਵਾਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੂੰ ਠਹਿਰਾਇਆ ਗਿਆ।

ਥੋੜ੍ਹੇ ਦਿਨਾਂ ਬਾਅਦ ਹੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੇ ਪੁਲਿਸ ਨੂੰ ਆਤਮ ਸਮਰਪਣ ਕਰ ਦਿੱਤਾ

ਤੇ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਗਿਆ ।

ਸਤੰਬਰ 1981 ਵਿੱਚ ਸ ਗਜਿੰਦਰ ਸਿੰਘ ਅਤੇ ਸਤਨਾਮ ਸਿੰਘ ਪਾਉਂਟਾ ਵੱਲੋਂ ਸ੍ਰੀ ਨਗਰ ਤੋਂ ਦਿੱਲੀ ਆ ਰਹੀ ਇੰਡੀਅਨ ਏਅਰ ਲਾਈਨ ਨੂੰ ਹਾਈ ਜੈਕ ਕਰਕੇ ਲਾਹੌਰ ਲਿਜਾਇਆ ਗਿਆ । ਜਿਸ ਦੇ ਬਦਲੇ ਨਗਦ ਰਾਸ਼ੀ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ।

ਅਕਤੂਬਰ 1981 ਵਿੱਚ ਸੰਤ ਜਰਨੈਲ ਸਿੰਘ ਜੀ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ।

ਅਗਸਤ 1982 ਦਿੱਲੀ ਤੋਂ ਸ੍ਰੀ ਨਗਰ ਜਾਂ ਰਹੇ ਇੰਡੀਅਨ ਏਅਰ ਲਾਈਨ ਨੂੰ ਹਾਈ ਜੈਕ ਕਰਕੇ ਲਾਹੌਰ ਲੈਂਡਿੰਗ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਜਾਜ਼ਤ ਨਾ ਮਿਲਣ ਕਰਕੇ ਅੰਮ੍ਰਿਤਸਰ ਲੈਂਡਿੰਗ ਕਰਵਾਈ ਗਈ । ਜਹਾਜ਼ ਅਗਵਾ ਕਰਨ ਵਾਲਿਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ

, 1982 ਅਗਸਤ ਮਹੀਨੇ ਵਿੱਚ ਹੀ ਇੱਕ ਹੋਰ ਇੰਡੀਅਨ ਏਅਰ ਲਾਈਨ ਜੋ ਮੁੰਬਈ ਤੋਂ ਦਿੱਲੀ ਵਾਇਆ ਜੋਧਪੁਰ ਆ ਰਹੀ ਸੀ ਸਿੰਘਾਂ ਵੱਲੋਂ ਹਾਈ ਜੈਕ ਕਰਕੇ ਲਾਹੌਰ ਲਿਜਾਇਆ ਗਿਆ ਪਰ ਇਜਾਜ਼ਤ ਨਾ ਮਿਲਣ ਕਰਕੇ ਅੰਮ੍ਰਿਤਸਰ ਲੈਂਡਿੰਗ ਕਰਵਾਈ ਗਈ। ਇਸੇ ਦੌਰਾਨ ਕਮਾਂਡੋ ਕਾਰਵਾਈ ਵਿੱਚ ਅਗਵਾ ਕਰਨ ਵਾਲੇ ਮੁਸੀਬਤ ਸਿੰਘ ਦੀ ਮੌਤ ਹੋ ਗਈ ਸੀ।

1983 ਵਿੱਚ DIG AS ATWAL ਨੂੰ ਹਰਮੰਦਰ ਸਾਹਿਬ ਦੀਆਂ ਪੌੜੀਆਂ ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।ਜਿਸ ਦੀ ਜ਼ਿੰਮੇਵਾਰੀ ਭਿੰਡਰਾਂਵਾਲੇ ਦੇ ਸਮਰਥਕਾਂ ਦੇ ਸਿਰ ਆ ਗਈ ਸੀ।




ਅਕਤੂਬਰ 1983 ਵਿੱਚ ਢਿਲਵਾਂ ਬੱਸ ਅੱਡੇ ਤੇ ਬੱਸ ਵਿੱਚ ਬਾਹਰ ਕੱਢ ਕੇ 6 ਹਿੰਦੂ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਸੀ।

ਜਿਸ ਦੇ ਰੋਸ਼ ਵਿਚ ਸ੍ਰੀ ਮਤੀ ਇੰਦਿਰਾ ਗਾਂਧੀ ਨੇ ਸ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦਿੱਤਾ ਸੀ।

ਦਸੰਬਰ, 1983 ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦਮਦਮੀ ਟਕਸਾਲ ਮਹਿਤਾ ਤੋ ਦਰਬਾਰ ਸਾਹਿਬ ਦੇ ਗੁਰੂ ਨਾਨਕ ਨਿਵਾਸ ਕੰਪਲੈਕਸ ਦੇ ਅਹਿਮ ਅਸਥਾਨ ਸ੍ਰੀ ਆਕਾਲ ਤਖਤ ਪਹੁੰਚ ਗਏ ਸਨ ।

ਫਰਵਰੀ, 1984- ਪੰਜਾਬੀ ਦੇ ਮੈਗਜ਼ੀਨ 'ਪ੍ਰੀਤਲੜੀ' ਦੇ ਮੁੱਖ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਸੁਮਿਤ ਸਿੰਘ ਸ਼ੰਮੀ ਦਾ ਕਤਲ ਕਰ ਦਿੱਤਾ ਗਿਆ

ਅਪ੍ਰੈਲ, 1984- ਸਾਬਕਾ ਵਿਧਾਇਕ ਅਤੇ ਅੰਮ੍ਰਿਤਸਰ ਵਿੱਚ ਭਾਜਪਾ ਪ੍ਰਧਾਨ ਹਰਬੰਸ ਲਾਲ ਖੰਨਾ ਨੂੰ ਉਨ੍ਹਾਂ ਦੇ ਅੰਗ ਰੱਖਿਅਕ ਸਮੇਤ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।

ਅਗਲੇ ਦਿਨ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਹਿੰਸਾ ਭੜਕ ਗਈ। ਇਸ ਵਿੱਚ ਅੱਠ ਲੋਕ ਮਾਰੇ ਗਏ ਅਤੇ ਨੌਂ ਜ਼ਖ਼ਮੀ ਹੋਏ ਸਨ।

11ਮਈ, 1984- ਹਿੰਦ ਸਮਾਚਾਰ ਸਮੂਹ ਦੇ ਸੰਪਾਦਕ ਲਾਲਾ ਜਗਤ ਨਰਾਇਣ ਦੇ ਪੁੱਤਰ ਰਮੇਸ਼ ਚੰਦਰ ਨੂੰ ਜਲੰਧਰ ਦੇ ਭਗਤ ਨਾਮਦੇਵ ਚੌਕ ਵਿੱਚ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

ਉਪਰੋਕਤ ਸਾਰੇ ਹਾਈ ਪ੍ਰੋਫਾਈਲ ਲੋਕਾਂ ਦੇ ਕਤਲਾਂ ਪਿਛੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦਾ ਹੱਥ ਦੱਸਿਆ ਜਾਂਦਾ ਰਿਹਾ।

ਭਾਰਤ ਦੀਆਂ ਖੁਫੀਆ ਏਜੰਸੀਆਂ ਉੱਚ ਅਧਿਕਾਰੀਆਂ ਅਤੇ ਰਾਜਨੀਤਕ ਆਗੂਆਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਿਰਾ ਗਾਂਧੀ ਇਹ ਜਾਣਕਾਰੀ ਦਿੰਦਿਆਂ ਗੁਮਰਾਹ ਕੀਤਾ ਗਿਆ ਕੇ ਜੇਕਰ ਭਿੰਡਰਾਂਵਾਲੇ ਤੇ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਪੰਜਾਬ ਹੱਥੋਂ ਨਿਕਲ ਜਾਣਾ ਤਹਿ ਸਮਝਿਆ ਜਾਵੇ।

ਵਿਰੋਧੀ ਧਿਰ ਬੀਜੇਪੀ ਨੇ ਸਰਕਾਰ ਤੇ ਐਨਾ ਦਬਾਅ ਬਣਾਇਆ ਕੇ ਇੰਦਰਾ ਗਾਂਧੀ ਨੇ ਫੌਜੀ ਕਾਰਵਾਈ ਕਰਨ ਲਈ ਹਰੀ ਝੰਡੀ ਦੇ ਦਿੱਤੀ।

ਭਾਰਤੀ ਫੌਜ ਦੇ ਜਰਨਲ ਅਰੁਣ ਵੈਦਿਆ, ਲੈਫਟੀਨੈਂਟ ਜਨਰਲ ਆਰ ਐਸ ਦਿਆਲ, ਲੈਫਟੀਨੈਂਟ ਕੇ ਸੁੰਦਰਜੀ, ਅਤੇ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਦੀ ਅਗਵਾਈ ਹੇਠ ਲਗਭਗ 30 ਹਜ਼ਾਰ ਫੌਜ, ਤੋਂ ਇਲਾਵਾ ਬੀਐਸਐਫ, ਸੀਆਰਪੀਐਫ ਅਤੇ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਸ਼ਾਮਲ ਕੀਤਾ ਗਿਆ।

ਭਾਰਤੀ ਫੌਜ ਨੇ ਅਪਰੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਹੀ ਅੰਮ੍ਰਿਤਸਰ ਸ਼ਹਿਰ ਦਾ ਹਰ ਤਰ੍ਹਾਂ ਦਾ ਕੁਨੈਕਸ਼ਨ ਦੇਸ਼ ਨਾਲੋਂ ਤੋੜ ਦਿੱਤਾ। ਸਾਰੀ ਆਵਾਜਾਈ ,ਬਿਜਲੀ, ਪਾਣੀ , ਰੇਡੀਓ ਪ੍ਰਸਾਰਣ ਫ਼ੋਨ ਸੇਵਾਵਾਂ ਅਤੇ ਅਖ਼ਬਾਰਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਇਸ ਮਿਲਿਟਰੀ ਐਕਸ਼ਨ ਨੂੰ ਭਾਰਤੀ ਫੌਜ ਨੇ ਅਪਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ ਗਿਆ ਸੀ। ਜੋ ਦੁਨੀਆਂ ਦੇ ਇਤਿਹਾਸ ਵਿੱਚ ਆਪਣੇ ਦੇਸ਼ ਦੀ ਫੌਜ ਵੱਲੋਂ ਆਪਣੇ ਹੀ ਦੇਸ਼ ਦੇ ਨਾਗਰਿਕਾਂ ਖਿਲਾਫ ਅਤੀ ਨਿੰਦਣਯੋਗ ਅਤੇ ਘਿਨਾਉਣੀ ਕਾਰਵਾਈ ਮੰਨਿਆ ਗਿਆ ਹੈ।

ਬਲਿਊ ਸਟਾਰ ਅਪ੍ਰੇਸ਼ਨ ਤਹਿਤ ਐਕਸ਼ਨ ਉਸ ਸਮੇਂ ਲਿਆ ਗਿਆ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੋਕ ਸ਼ਰਧਾ ਭਾਵਨਾ ਨਾਲ ਦਰਬਾਰ ਸਾਹਿਬ ਵੱਡੀ ਗਿਣਤੀ ਵਿੱਚ ਪਰਿਵਾਰਾ ਸਮੇਤ ਪਹੁੰਚੇ ਹੋਏ ਸਨ। ਕਿਸੇ ਨੇ ਕੋਈ ਅੰਦਾਜ਼ਾ ਨਹੀਂ ਲਗਾਇਆ ਹੋਵੇਗਾ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਐਨੀ ਵੱਡੀ ਘਟਨਾ ਵਾਪਰਨ ਵਾਲੀ ਹੈ।

ਅਪਰੇਸ਼ਨ ਬਲਿਊ ਸਟਾਰ 5 ਜੂਨ ਰਾਤ 8 ਤੋਂ 9 ਵਜੇ ਦੇ ਦਰਮਿਆਨ ਫੌਜ ਦੀ ਅੰਧਾਧੁੰਦ ਗੋਲੀਬਾਰੀ ਨਾਲ ਸ਼ੁਰੂ ਹੋਇਆ

ਸਾਰੀ ਰਾਤ ਸਿੰਘਾਂ ਅਤੇ ਫੌਜ ਦਰਮਿਆਨ ਗਹਿਗੱਚ ਮੁਕਾਬਲਾ ਚਲਦਾ ਰਿਹਾ । ਹਜ਼ਾਰਾਂ ਬੇਗੁਨਾਹ ਸ਼ਰਧਾਲੂ, ਬੱਚੇ,ਬਜ਼ੁਰਗ, ਮਹਿਲਾਵਾਂ, ਸਿੰਘ, ਅਤੇ ਫੌਜੀ ਜਵਾਨਾਂ ਦਾ ਖ਼ੂਨ ਡੁੱਲਦਾ ਰਿਹਾ।

ਭਾਰਤੀ ਫੌਜ ਰਾਤੋ ਰਾਤ ਅਪਰੇਸ਼ਨ ਬਲਿਊ ਸਟਾਰ ਨੂੰ ਅੰਤਿਮ ਪੜਾਅ ਤੇ ਲੈ ਜਾਣਾ ਚਾਹੁੰਦੀ ਸੀ ਇਸ ਲਈ ਰਾਤ ਦੇ ਹਨੇਰੇ ਵਿੱਚ ਕਈ ਤਰ੍ਹਾਂ ਦੇ ਹੱਥ ਕੰਡੇ ਅਪਣਾਏ ਗਏ।

ਰਾਕੇਟ ਲਾਂਚਰ, ਭਾਰੀ ਹਥਿਆਰ ਗਰਨੇਡ ਬਖਤਰਬੰਦ ਗੱਡੀ , ਅਤੇ ਟੈਂਕ ਤੋਪ ਦਾ ਵੀ ਇਸਤੇਮਾਲ ਕੀਤਾ ਗਿਆ ਦੁਵੱਲਿਓ ਗੋਲੀਬਾਰੀ ਸਾਰੀ ਰਾਤ ਜਾਰੀ ਰਹੀ

6 ਜੂਨ ਸਵੇਰ 8 ਤੋਂ 9 ਵਜੇ ਦਰਮਿਆਨ ਦੋਵੇਂ ਪਾਸਿਓਂ ਬੰਦੂਕਾਂ ਸ਼ਾਂਤ ਹੋ ਗਈਆਂ ਤਾਂ ਫੌਜੀ ਜਰਨਲ ਕੁਲਦੀਪ ਸਿੰਘ ਬਰਾੜ ਨੂੰ ਅਹਿਸਾਸ ਹੋਇਆ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਉਸਦੇ ਸਾਥੀ ਮਾਰੇ ਜਾ ਚੁਕੇ ਹਨ।

ਕੁੱਝ ਲੋਕਾਂ ਨੇ ਹੱਥਾਂ ਵਿੱਚ ਚਿੱਟੇ ਝੰਡੇ ਲਹਿਰਾਏ,

ਭਾਰਤੀ ਫੌਜ ਕਰੀਬ 10 ਵਜੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖਲ ਹੋ ਗਈ ਸੀ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾਂ ਦੇ ਸਾਥੀ ਜਰਨਲ ਸੁਬੇਗ ਸਿੰਘ ਦੀ ਮਿਰਤਕ ਦੇਹ ਨੂੰ ਪਹਿਚਾਣ ਕਰਨ ਲਈ ਫੌਜ ਦੇ ਅਧਿਕਾਰੀ ਲਾਸ਼ਾਂ ਨੂੰ ਘੰਟਾਂ ਘਰ ਪੁਲਿਸ ਥਾਣੇ ਲੈ ਕੇ ਪਹੁੰਚੇ ।

ਸੰਤਾਂ ਦੇ ਭਰਾ ਕੈਪਟਨ ਹਰਚਰਨ ਸਿੰਘ ਵੱਲੋਂ ਤਸਦੀਕ ਕੀਤਾ ਗਿਆ ਇਹ ਮਿਰਤਕ ਦੇਹ ਸੰਤ ਜਰਨੈਲ ਸਿੰਘ ਭਿੰਡਰਾਂਵਾਲ ਅਤੇ ਉਹਨਾਂ ਦੇ ਸਾਥੀ ਜਰਨਲ ਸੁਬੇਗ ਸਿੰਘ ਦੀ ਹੈ।

ਦਰਬਾਰ ਸਾਹਿਬ ਦੀਆਂ ਪਰਕਰਮਾਂ, ਅਤੇ ਸਰੋਵਰ ਵਿੱਚ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ । ਬਹੁਤ ਸਾਰੀਆਂ ਲਾਸ਼ਾਂ ਸਰੋਵਰ ਵਿੱਚ ਤੈਰ ਰਹੀ ਸਨ। ਸਰੋਵਰ ਜਲ ਖ਼ੂਨ ਨਾਲ ਲਾਲ ਹੋਇਆ ਪਿਆ ਸੀ।

ਬਹੁਤ ਸਾਰੇ ਲੋਕ ਗੰਭੀਰ ਜ਼ਖ਼ਮੀ ਕਰਾਹ ਰਹੇ ਸਨ । ਹਜ਼ਾਰਾਂ ਲੋਕਾਂ ਨੂੰ ਬੰਦੀ ਬਣਾ ਲਿਆ ਗਿਆ

ਹਜ਼ਾਰਾਂ ਬੇਗੁਨਾਹ ਲੋਕ ਫ਼ੌਜ ਅਤੇ ਹੋਰ ਸੁਰੱਖਿਆ ਦਸਤਿਆਂ ਦੇ ਜ਼ੁਲਮਾਂ ਦੇ ਸ਼ਿਕਾਰ ਹੋਏ।

ਹਜ਼ਾਰਾਂ ਔਰਤਾਂ, ਮਹਿਲਾਵਾਂ, ਬੱਚੀਆਂ ਨਾਲ ਬਲਾਤਕਾਰ ਵਰਗੀਆਂ ਘਟਨਾਵਾਂ ਵਾਪਰੀਆਂ।

ਇਸ ਦਰਦਨਾਕ ਸਾਕੇ ਨੇ ਆਮ ਲੋਕਾਂ ਦੇ ਮਨਾਂ ਵਿੱਚ ਭਾਰਤੀ ਹਕੂਮਤ , ਸੁਰੱਖਿਆ ਬਲਾਂ, ਤੇ ਭਾਰਤੀ ਫ਼ੌਜ ਪ੍ਰਤੀ ਭਾਂਬੜ ਬਾਲਣ ਦਾ ਕੰਮ ਕਰ ਦਿੱਤਾ।

ਜੂਨ 1984 ਅਪਰੇਸ਼ਨ ਬਲਿਊ ਸਟਾਰ ਵਿੱਚੋਂ ਭੜਕੀ ਅੱਗ ਨੇ 1995 ਤੱਕ ਲੱਖਾਂ ਲੋਕਾਂ ਦੇ ਘਰ ਤਬਾਹ ਕਰ ਦਿੱਤੇ ਸਨ।

ਦੇਸ਼ ਦੀ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ, ਪੰਜਾਬ ਦੇ ਮੁੱਖ ਮੰਤਰੀ ਸ ਬੇਅੰਤ ਸਿੰਘ, ਫੌਜ ਦੇ ਜਰਨਲ ਅਰੁਣ ਵੈਦਿਆ, ਤੋਂ ਇਲਾਵਾ ਬਹੁਤ ਸਾਰੇ ਸਿਆਸੀ ਪਾਰਟੀਆਂ ਦੇ ਆਗੂ

ਪੁਲਿਸ ਦੇ ਉੱਚ ਅਧਿਕਾਰੀ, ਪੁਲਿਸ ਮੁਲਾਜ਼ਮ, ਉਨ੍ਹਾਂ ਦੇ ਪਰਿਵਾਰਾਂ ਵੀ ਇਸ ਅੱਗ ਦੀ ਭੇਟ ਚੜ੍ਹ ਗਏ।

1984 ਵਿੱਚ ਭੜਕੀ ਨਫ਼ਰਤ ਦੀ ਚਿੰਗਾਰੀ ਨੇ 1995 ਤੱਕ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ।

ਕਈ ਕਈ ਐਸੇ ਪਿੰਡ ਵੀ ਸਨ ਜਿਨ੍ਹਾਂ ਵਿੱਚੋ 25--30 ਸਾਲਾਂ ਤੱਕ ਬਰਾਤਾਂ ਨਾ ਚੜ੍ਹ ਸਕੀਆਂ।

ਬਹੁਤ ਸਾਰੇ ਸੁਰੱਖਿਆ ਮਾਹਰਾਂ ਦਾ ਮੰਨਣਾ ਹੈ। ਇਸ ਸਾਕੇ ਨੂੰ ਟਾਲਿਆ ਜਾ ਸਕਦਾ ਸੀ। ਪਰ ਕੋਸ਼ਿਸ਼ ਨਹੀਂ ਕੀਤੀ ਗਈ।

ਜੇਕਰ ਕੋਸ਼ਿਸ਼ ਹੁੰਦੀ ਤਾਂ ਲੱਖਾਂ ਬੇਗੁਨਾਹਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵਿਖੇ ਇਨਾਮ ਵੰਡ ਸਮਾਰੋਹ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 9463601616
hardipchumber57@gmail.com







ਮਹਿਲਾਂ ਚੌਂਕ, 28 ਮਈ (ਜਗਸੀਰ ਲੌਂਗੋਵਾਲ)- ਪਿਛਲੇ ਦਿਨੀ ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਲਾਂ (ਸੰਗਰੂਰ) ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ, ਦਸਵੀਂ ਅਤੇ ਬਾਰਵੀਂ ਕਲਾਸ ਦੇ ਐਲਾਨੇ ਨਤੀਜਿਆਂ ਵਿੱਚੋਂ ਸਕੂਲ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸਰਦਾਰ ਰਵਿੰਦਰ ਸਿੰਘ ਮਾਨ ਸਰਪੰਚ ਗ੍ਰਾਮ ਪੰਚਾਇਤ ਮਹਿਲਾਂ ਬਤੌਰ ਮੁੱਖ ਮਹਿਮਾਨ ਅਤੇ ਸਕੂਲ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸਰਦਾਰ ਨਾਜਰ ਸਿੰਘ ਸ਼ੱਲੀ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ। ਇਸ ਤੋਂ ਇਲਾਵਾ ਇਸ ਸਮਾਗਮ ਵਿੱਚ ਸਕੂਲ ਪ੍ਰਬੰਧਕੀ ਕਮੇਟੀ ਮੈਂਬਰ, ਸਕੂਲ ਸਟਾਫ, ਵਿਦਿਆਰਥੀ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੇ ਸ਼ੁਰੂ ਵਿੱਚ ਸਕੂਲ ਇੰਚਾਰਜ ਸ਼੍ਰੀਮਤੀ ਨਵਰਾਜ ਕੌਰ ਨੇ ਮੁੱਖ ਮਹਿਮਾਨ , ਚੇਅਰਮੈਨ ਸਕੂਲ ਪ੍ਰਬੰਧਕੀ ਕਮੇਟੀ, ਅਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਸਲਾਨਾ ਰਿਪੋਰਟ ਪੜ੍ਹਦਿਆਂ ਸਕੂਲ ਦੀਆਂ ਪ੍ਰਾਪਤੀਆਂ ਅਤੇ ਸਕੂਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਤੇ ਚਾਨਣਾ ਪਾਇਆ। ਇਸ ਮੌਕੇ ਅੱਠਵੀਂ ਜਮਾਤ ਵਿੱਚੋਂ ਸੁਮਨਦੀਪ ਕੌਰ ਨੇ ਪਹਿਲੀ, ਜਸ਼ਨਦੀਪ ਸਿੰਘ ਦੂਸਰੀ ਅਤੇ ਸਤਬੀਰ ਕੌਰ ਨੇ ਤੀਜੀ ਪੁਜੀਸ਼ਨ, ਦਸਵੀਂ ਕਲਾਸ ਵਿੱਚੋਂ ਵੀਰਪਾਲ ਕੌਰ ਨੇ ਪਹਿਲੀ, ਪੁਨੀਤ ਨੇ ਦੂਜੀ ਅਤੇ ਹਰਜੋਤ ਕੌਰ ਨੇ ਤੀਜੀ ਪੁਜੀਸ਼ਨ ਹਾਸਿਲ ਕੀਤੀ। ਬਾਰਵੀਂ ਸਾਇੰਸ ਵਿੱਚੋਂ ਨਵਨੀਤ ਕੌਰ ਨੇ 94 .6 ਫੀਸਦੀ ਨੰਬਰ ਲੈ ਕੇ ਪਹਿਲੀ ਪੁਜੀਸ਼ਨ, ਅਵਨੀਤ ਕੌਰ ਨੇ ਦੂਜੀ ਅਤੇ ਗੀਤਾ ਰਾਣੀ ਨੇ ਤੀਜੀ ਪੁਜੀਸ਼ਨ ਜਦੋਂ ਕਿ ਬਾਰਵੀਂ ਆਰਟਸ ਵਿੱਚੋਂ ਤਮੰਨਾ ਬਾਵਾ ਨੇ 90.2 ਫੀਸਦੀ ਨੰਬਰ ਲੈ ਕੇ ਪਹਿਲੀ ਪੁਜੀਸ਼ਨ, ਪ੍ਰਭਜੋਤ ਸਿੰਘ ਨੇ ਦੂਜੀ ਅਤੇ ਹਸ਼ਨਪ੍ਰੀਤ ਸਿੰਘ ਨੇ ਤੀਜੀ ਪੁਜੀਸ਼ਨ ਹਾਸਿਲ ਕਰਕੇ ਸਨਮਾਨ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਵਿਸ਼ੇਸ਼ ਲੋੜਾਂ ਵਾਲੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਵੀ ਵਧੀਆ ਨੰਬਰ ਲੈਣ ਕਰਕੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਵਿਦਿਆਰਥੀ ਹਸ਼ਨਪ੍ਰੀਤ ਸਿੰਘ ਅਤੇ ਅਵਨੀਤ ਕੌਰ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਮਿਹਨਤ ਕਰਨ ਨਾਲ ਹੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਨੇ ਟੀਚਰਾਂ ਦਾ ਵੀ ਵਧੀਆ ਪੜ੍ਹਾਉਣ ਕਰਕੇ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸ੍ਰੀ ਪਰਮਿੰਦਰ ਕੁਮਾਰ ਲੌਂਗੋਵਾਲ ਲੈਕਚਰਾਰ ਅੰਗਰੇਜ਼ੀ ਅਤੇ ਸ੍ਰੀ ਹਰਵਿੰਦਰ ਸਿੰਘ ਲੈਬ ਸਹਾਇਕ ਨੂੰ ਸਕੂਲ ਵਿਖੇ ਚੰਗਾ ਕੰਮ ਕਰਨ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਸਰਦਾਰ ਰਵਿੰਦਰ ਸਿੰਘ ਮਾਨ ਮੁੱਖ ਮਹਿਮਾਨ ਅਤੇ ਸਰਦਾਰ ਨਾਜਰ ਸਿੰਘ ਚੇਅਰਮੈਨ ਐਸਐਮਸੀ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਅੰਤ ਵਿੱਚ ਸ੍ਰੀ ਪਰਮਿੰਦਰ ਕੁਮਾਰ ਲੌਂਗੋਵਾਲ ਲੈਕਚਰਾਰ ਨੇ ਆਏ ਹੋਏ ਮਹਿਮਾਨਾਂ, ਸਕੂਲ ਪ੍ਰਬੰਧਕੀ ਕਮੇਟੀ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਕੂਲ ਵਿਖੇ ਆਉਣ ਤੇ ਧੰਨਵਾਦ ਕੀਤਾ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਮੰਚ ਦਾ ਸੰਚਾਲਨ ਸ੍ਰੀ ਰਾਜੇਸ਼ ਕੁਮਾਰ ਢੇਲ ਲੈਕਚਰ ਹਿਸਟਰੀ ਅਤੇ ਮੈਡਮ ਅੰਜਿਨ ਅੰਜੂ ਹਿੰਦੀ ਮਿਸਟਰੈਸ ਵੱਲੋਂ ਬਾਖੂਬੀ ਨਿਭਾਇਆ ਗਿਆ।ਇਸ ਮੌਕੇ ਗੁਰਦੀਪ ਸਿੰਘ ਲੈਕਚਰਾਰ ਪੰਜਾਬੀ, ਰਕੇਸ਼ ਕੁਮਾਰ ਲੈਕਚਰਾਰ ਸਰੀਰਕ ਸਿੱਖਿਆ, ਰਣਜੀਤ ਸਿੰਘ ਪ੍ਰੀਤ ਬਡਰੁੱਖਾਂ, ਪ੍ਰੀਤੀ ਰਾਣੀ, ਸੁਖਵਿੰਦਰ ਕੌਰ ਮਡਾਹੜ, ਦੀਪਸ਼ਿਖਾ ਬਹਿਲ, ਕਰਨੈਲ ਸਿੰਘ ਸਾਇੰਸ ਮਾਸਟਰ, ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ: ਪੀ.ਐਸ.ਪੀ.ਸੀ.ਐਲ. ਦਾ ਐਸ.ਡੀ.ਓ. 50000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com



ਪਟਿਆਲਾ, 27 ਮਈ, 2025 :(ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.), ਨਾਭਾ ਦੇ ਸਬ-ਡਿਵੀਜ਼ਨਲ ਅਫਸਰ (ਐਸ.ਡੀ.ਓ.) ਮਹਿੰਦਰ ਸਿੰਘ ਨੂੰ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਪੇਧਨ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾਵਾਂ ਦੇ ਨਾਮ ‘ਤੇ ਦੋ ਟਿਊਬਵੈੱਲ ਕੁਨੈਕਸ਼ਨ ਤਬਦੀਲ ਕਰਨ ਬਦਲੇ 70,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 50,000 ਰੁਪਏ ਵਿੱਚ ਤੈਅ ਹੋ ਗਿਆ। ਇਸ ਸ਼ਿਕਾਇਤ ‘ਤੇ ਕਾਰਵਾਈ ਕਰਦਿਆਂ, ਮੋਹਾਲੀ ਵਿਖੇ ਵਿਜੀਲੈਂਸ ਬਿਊਰੋ ਉਡਣ ਦਸਤਾ, ਪੰਜਾਬ ਦੀ ਟੀਮ ਨੇ ਜਾਲ ਵਿਛਾਇਆ ਅਤੇ ਜਦੋਂ ਮੁਲਜ਼ਮ ਆਪਣੀ ਨਿੱਜੀ ਬ੍ਰੀਜ਼ਾ ਕਾਰ ਵਿੱਚ ਪਹੁੰਚਿਆ ਤਾਂ ਉਸ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 50000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕਰ ਲਿਆ। ਗ੍ਰਿਫ਼ਤਾਰੀ ਦੌਰਾਨ, ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਕੋਲੋਂ ਸ਼ਿਕਾਇਤਕਰਤਾਵਾਂ ਦੇ ਨਾਮ ‘ਤੇ ਪਹਿਲਾਂ ਹੀ ਤਬਦੀਲ ਕੀਤੇ ਟਿਊਬਵੈੱਲ ਕੁਨੈਕਸ਼ਨਾਂ ਦੀਆਂ ਦੋ ਪਾਸਬੁੱਕਾਂ ਵੀ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਅਨੁਸੂਚਿਤ ਜਾਤੀ ਵਰਗ ਦਾ ਪਹਿਲਾ ਮੁੱਖ ਜੱਜ ਬੀ ਆਰ ਗਵਈਆ ਬਣਨ ਤੇ ਦਲਿਤ ਸਮਾਜ ਵਿੱਚ ਖੁਸ਼ੀ ਦੀ ਲਹਿਰ- ਹਰਦੇਵ ਬੋਪਾਰਾਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਲੁਧਿਆਣਾ ( ਵਤਨਪ੍ਰੀਤ ) ਭਾਈ ਘਨਈਆ ਜਲ ਬਚਾਓ ਜਲ ਪੂਰਤੀ ਸੰਗਠਨ, ਸ੍ਰੀ ਗੁਰੂ ਰਵਿਦਾਸ ਯੂਥ ਕਲੱਬ ਇਆਲੀ ਖੁਰਦ, ਪਰਿਵਰਤਨ ਸੋਸਾਇਟੀ, ਮਾਈ ਭਾਗੋ ਐਜੂਕੇਸ਼ਨ ਵੈਲਫੇਅਰ ਸੋਸਾਇਟੀ , ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਇੰਟਰਨੈਸ਼ਨਲ ਸੰਗਠਨ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਨੇ ਚੁਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਆਂ ਆਖਿਆ ਕਿ ਦੇਸ਼ ਦੀ ਆਜ਼ਾਦੀ ਤੋਂ 78 ਸਾਲ ਬਾਅਦ ਦੇਸ਼ ਨੂੰ ਅਨੁਸੂਚਿਤ ਜਾਤੀ ਵਰਗ ਦਾ ਪਹਿਲਾ ਮੁੱਖ ਜੱਜ ਬੀ ਆਰ ਗਵਈ ਨੂੰ ਬਨਣ ਤੇ ਐਸੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ ਉਹਨਾਂ ਕਿਹਾ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਦੂਰ ਅੰਦੇਸ਼ੀ ਦਾ ਨਤੀਜਾ ਹੈ ਕੀ ਅੱਜ ਗਰੀਬ ਪਰਿਵਾਰ ਤੂੰ ਉੱਠ ਕੇ ਗਵਾਹੀ ਭਾਰਤ ਦੇਸ਼ ਦੇ ਮੁਖ ਜੱਜ ਬਣੇ ਹਨ ਇਸ ਮੌਕੇ ਭਾਈ ਘਨਈਆ ਜਲ ਬਚਾਓ ਜਲ ਪੂਰਤੀ ਸੰਗਠਨ ਦੇ ਮੁੱਖ ਸੇਵਾਦਾਰ ਗੁਲਜਾਰ ਜੀ ਗੁਲਜਾਰਜੀਤ ਸਿੰਘ ਲਵਲੀ ਅਤੇ ਬਾਬਾ ਜੈ ਸਿੰਘ ਖਲਕਟ ਇੰਟਰਨੈਸ਼ਨਲ ਸੋਸਾਇਟੀ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਗੁਰਪ੍ਰੀਤ ਸਿੰਘ



ਪ੍ਰਤਾਪ ਸਿੰਘ ਵਾਲਾ ਡਾਕਟਰ ਸਰੂਪ ਸਿੰਘ ਹਰਮੇਲ ਸਿੰਘ ਮੱਲੀ ਮੱਖਣ ਰਣਕੇ ਵਾਲੇ ਮਾਸਟਰ ਸੁਰਿੰਦਰ ਸਿੰਘ ਗਿੱਲ ਪ੍ਰਤਾਪ ਸਿੰਘ ਵਾਲਾ ਆਦਿ ਹਾਜ਼ਰ ਸਨ

# ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਦੀ ਲੋੜ ‘ਤੇ ਜ਼ੋਰ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਨੁਮਾਇੰਦੇ ਬੰਗਾ ਪੁੱਜੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com



ਬੰਗਾ, 28 ਮਈ(ਚਰਨਜੀਤ ਸੱਲ੍ਹਾਂ ) ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਨੁਮਾਇੰਦੇ ਅੱਜ ਬੰਗਾ ਪੁੱਜੇ। ਉਹਨਾਂ ਦੱਸਿਆ ਕਿ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰਾਂ ਦੇ ਸੰਸਕਾਰ ਲਈ ਸੇਵਾ ਨਿਭਾਉਣ ਵਾਲੇ ਦੀਵਾਨ ਟੋਡਰ ਮੱਲ ਦੀ ਜਹਾਜੀ ਹਵੇਲੀ ਨੂੰ ਸੰਭਾਲਣ ਲਈ ਨਿਰਮਾਣ ਕਾਰਜ ਜੰਗੀ ਪੱਧਰ ਨਾਲ ਜਾਰੀ ਹਨ। ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਇਹ ਕਾਰਜ ਅਗਲੇ ਸਾਲ ਤੱਕ ਮੁਕੰਮਲ ਕਰ ਲਏ ਜਾਣਗੇ ਜਿਹਨ੍ਹਾਂ ਲਈ ਅਮਰੀਕਾ ਦੇ ਸੰਧੂ ਪਰਿਵਾਰ ਦੇ ਆਰਥਿਕ ਸਹਿਯੋਗ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰਨ ਸਾਥ ਦਿੱਤਾ ਜਾ ਰਿਹਾ ਹੈ। ਫਾਉਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇ ਕੇ ਨੇ ਕਿਹਾ ਕਿ ਅਗਲੀਆਂ ਪੀੜ੍ਹੀਆਂ ਨੂੰ ਸੰਘਰਸ਼ ਅਤੇ ਕੁਰਬਾਨੀ ‘ਚ ਲਬਰੇਜ਼ ਵਿਰਸੇ ਨਾਲ ਜੁੜੇ ਰੱਖਣ ਲਈ ਇਤਿਹਾਸ ਅਤੇ ਇਤਿਹਾਸਕ ਸਥਾਨ ਸਾਂਭਣ ਦੀ ਲੋੜ ਹੈ। ਉਹਨਾਂ ਕਿਹਾ ਕਿ ਵਿਰਸੇ ਨਾਲ ਜੁੜੇ ਰਹਿ ਕੇ ਜਿੱਥੇ ਸਮਾਜਿਕ ਸਥਾਪਤੀ ਨੂੰ ਬਲ ਮਿਲਦਾ ਹੈ ਉਥੇ ਵਿਅਕਤੀਗਤ ਸ਼ਖ਼ਸੀਅਤ ਨਿਰਮਾਣ ਵੀ ਹੁੰਦਾ ਹੈ।

ਇਸ ਮੌਕੇ ਉਹਨਾਂ ਨਾਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ ਬਲਾਕੀਪੁਰ ਅਤੇ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ ਬੜਖੁੰਆਂ ਵੀ ਸ਼ਾਮਲ ਸਨ। ਉਹ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਵੀ ਗਏ ਅਤੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ ‘ਚ ਸੁਸ਼ੋਭਿਤ ਆਜ਼ਾਦੀ ਸੰਘਰਸ਼ ਨਾਲ ਜੁੜੀਆਂ ਯਾਦਾਂ ਨੂੰ ਵੀ ਨਿਹਾਰਿਆ।

# ਸਮਾਜ ਸੁਧਾਰ ਸਭਾ ਸੰਗਰੂਰ ਵੱਲੋਂ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਪੱਦ ਉਨਤ ਹੋਣ ਤੇ ਕੀਤਾ ਸਨਮਾਨਿਤ

## ਬਤੌਰ ਡਿਪਟੀ ਡਾਇਰੈਕਟਰ ਹੋਈ ਪਦ ਉਨਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com



ਸੰਗਰੂਰ ( ) ਸ੍ਰ ਪ੍ਰਭਦੀਪ ਸਿੰਘ ਨੱਥੋਵਾਲ ਜੋ ਕਿ ਲੋਕ ਸੰਪਰਕ ਅਫਸਰ ਸੰਗਰੂਰ ਵਜੋਂ ਸੇਵਾਵਾਂ ਨਿਭਾ ਰਹੇ ਸਨ, ਨੱਥੋਵਾਲ , ਸਾਹਿਬ ਇਮਾਨਦਾਰ, ਮਿਹਨਤੀ ਅਤੇ ਮਿਲਾਪੜੇ ਸੁਭਾਅ ਜਾਣੇ ਪਹਿਚਾਣੇ ਅਧਿਕਾਰੀ ਹਨ, ਉਨਾਂ ਦੀ ਬਤੌਰ ਡਿਪਟੀ ਡਾਇਰੈਕਟਰ ਪਦ ਉਨਤੀ ਹੋਣ ਉਪਰੰਤ ਸਮਾਜ ਸੁਧਾਰ ਸਭਾ ਸੰਗਰੂਰ ਵੱਲੋਂ ਉਹਨਾਂ ਨੂੰ ਸਮਾਜ ਸੁਧਾਰ ਸਭਾ ਸੰਗਰੂਰ ਦੀ ਟੀਮ ਵੱਲੋਂ ਦਫਤਰ ਪਹੁੰਚ ਕੇ ਦਾ ਸਨਮਾਨ ਕੀਤਾ ਗਿਆ, ਸਨਮਾਨ ਕਰਨ ਵਾਲਿਆਂ ਵਿੱਚ ਸ੍ਰ ਚਮਕੌਰ ਸਿੰਘ ਵੀਰ ਡਾਕਟਰ ਮੱਖਣ ਸਿੰਘ,ਸ੍ਰ ਸਤਿਗੁਰੂ ਸਿੰਘ ਕੌਹਰੀਆਂ, ਸੂਬੇਦਾਰ ਰਣਧੀਰ ਸਿੰਘ ਨਾਗਰਾ, ਸ੍ਰ ਪਵਿੱਤਰ ਸਿੰਘ, ਸ੍ਰ ਦਰਸ਼ਨ ਸਿੰਘ ਐਸ ਡੀ ਓ, ਸ੍ਰ ਤੇਜਾ ਸਿੰਘ ਬੈਂਕ ਮੈਨੇਜਰ ਤੇ ਨਿਰਮਲ ਸਿੰਘ ਮੱਟੂ ਆਦਿ ਮੌਜੂਦ ਸਨ।

# ਸਿੱਖਿਆ ਕ੍ਰਾਂਤੀ ਤਹਿਤ ਡਾਹਰੀਆਂ ਦੇ ਸਰਕਾਰੀ ਸਕੂਲ ਵਿੱਚ ਵਿਕਾਸ ਕਾਰਜ ਲੋਕ ਅਰਪਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com



ਘਨੌਰ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਅਤੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਜੀ ਦੀ ਅਗਵਾਈ ਹੇਠ ਚੱਲ ਰਹੀ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਿਡਲ ਸਕੂਲ ਡਾਹਰੀਆਂ -ਬਲਾਕ ਡਾਹਰੀਆਂ - ਜ਼ਿਲ੍ਹਾ ਪਟਿਆਲਾ ਵਿੱਚ ਹੋਏ ਵਿਕਾਸ ਕਾਰਜਾਂ ਨੂੰ ਹਲਕੇ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਲੋਕ ਅਰਪਿਤ ਕੀਤਾ। ਆਯੋਜਿਤ ਉਦਘਾਟਨ ਸਮਾਰੋਹ ਦੌਰਾਨ ਵਿਧਾਇਕ ਗੁਰਲਾਲ ਸਿੰਘ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵਲੋਂ ਸਿੱਖਿਆ ਖੇਤਰ ਵਿੱਚ ਕੀਤੀ ਪ੍ਰਗਤੀ ਅਤੇ ਨਵੀਨਤਮ ਕਦਮਾਂ ਦਾ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਹਰ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆਂ ਅਤੇ ਅਨੁਕੂਲ ਸਿੱਖਣ - ਸਿਖਾਉਣ ਦਾ ਮਾਹੌਲ ਉਪਲਬਧ ਕਰਵਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸਕੂਲ ਮੁਖੀ ਹਿੰਮਤ ਸਿੰਘ ਅਤੇ ਮੈਡਮ ਸੁਖਵਿੰਦਰ ਕੌਰ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਗੁਲਦਸਤਿਆਂ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ । ਇਸ ਤਹਿਤ ਨਵੇਂ ਬਣੇ ਸਮਾਰਟ ਕਲਾਸਰੂਮ ਅਤੇ ਚਾਰਦੀਵਾਰੀ ਨੂੰ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਸ. ਪ੍ਰੀਤਮ ਸਿੰਘ, ਸ. ਪ੍ਰਾਇਮਰੀ ਸਕੂਲ ਇੰਚਾਰਜ ਮੇਨਿਕਾ ਰਾਈ, ਬੀ.ਪੀ.ਈ.ਓ. ਸੁਰਜੀਤ ਸਿੰਘ, ਲੇਖਾਕਾਰ ਗੌਰਵ ਗੁਪਤਾ, ਪੰਚਾਇਤ ਮੈਂਬਰ ਸਕੂਲ ਮੈਨੇਜ ਜੱਟ ਕਮੇਟੀ ਮੈਂਬਰ, ਅਧਿਆਪਕ ਅਤੇ ਇਲਾਕੇ ਦੇ ਪਤਵੰਤੇ ਸੱਜਣ ਅਤੇ ਵਿਦਿਆਰਥੀ ਹਾਜ਼ਰ ਰਹੇ। ਸਮਾਰੋਹ ਦਾ ਸਮਾਪਨ ਸਿੱਖਿਆ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਇੱਕ ਨਵੇ ਯੁੱਗ ਦੀ ਸ਼ੁਰੂਆਤ ਵਜੋਂ ਕੀਤਾ ਗਿਆ।

# ਬਾਬਾ ਗੋਲਾ ਸਰਕਾਰੀ ਸੀ.ਸੈ. ਸਕੂਲ ਬੰਗਾ ਦੀ ਵਿਦਿਆਰਥਣ ਬਬੀਤਾ ਕੁਮਾਰੀ ਸਨਮਾਨਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com



ਬੰਗਾ( ਚਰਨਜੀਤ ਸੱਲ੍ਹਾਂ )ਬਾਬਾ ਗੋਲਾ ਸਰਕਾਰੀ ਸੀ.ਸੈ. ਸਕੂਲ ਬੰਗਾ ਦੀ ਵਿਦਿਆਰਥਣ ਬਬੀਤਾ ਕੁਮਾਰੀ ਪੁੱਤਰੀ ਸ੍ਰੀ ਦੀਪਕ ਕੁਮਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟਰਿਕ ਦੀ ਪ੍ਰੀਖਿਆ ਵਿੱਚੋਂ 629 ਨੰਬਰ ਲੈ ਕੇ ਬੋਰਡ ਦੀ ਮੈਰਿਟ ਲਿਸਟ ਵਿਚ ਆਪਣਾ ਨਾਮ ਦਰਜ ਕਰਵਾਇਆ। ਜਿਸ ਨਾਲ ਮਾਂ-ਬਾਪ, ਸਕੂਲ ਅਤੇ ਬੰਗਾ ਦਾ ਨਾਮ ਰੋਸ਼ਨ ਕੀਤਾ ਹੈ। ਇਹ ਬੱਚੀ ਪੜ੍ਹਾਈ ਵਿਚ ਤਾਂ ਹੁਸ਼ਿਆਰ ਹੈ ਹੀ, ਇਸ ਤੋਂ ਬਿਨਾਂ ਸਹਿਪਾਠੀ ਕਿਰਿਆਵਾਂ ਵਿਚ ਵੀ ਬਹੁਤ ਸਾਰੇ ਇਨਾਮ ਪ੍ਰਾਪਤ ਕਰ ਚੁੱਕੀ ਹੈ। ਇਸ ਦਾ ਸੁਪਨਾ ਡਾਕਟਰ ਬਣਨ ਦਾ ਹੈ। ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਨੇ ਬਬੀਤਾ ਕੁਮਾਰੀ ਨੂੰ ਦੋ ਸਾਲ ਲਈ ਸ਼ਹੀਦ ਭਗਤ ਸਿੰਘ ਸਕਾਲਰਸ਼ਿੱਪ ਦੇਣ ਦਾ ਐਲਾਨ ਕੀਤਾ। ਇਸ ਸਕਾਲਰਸ਼ਿੱਪ ਦੇ ਪਹਿਲੇ ਚੈੱਕ ਅਤੇ ਸਨਮਾਨ-ਚਿੰਨ੍ਹ ਨਾਲ ਬਬੀਤਾ ਕੁਮਾਰੀ ਨੂੰ ਸਨਮਾਨਿਤ ਕਰਦੇ ਹੋਏ ਸੁਸਾਇਟੀ ਨੇ ਮਾਣ ਮਹਿਸੂਸ ਕੀਤਾ। ਸੁਸਾਇਟੀ ਦੀ ਪ੍ਰਧਾਨ ਮਨਜੀਤ ਕੌਰ ਬੋਲਾ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਐਲਾਨ ਕੀਤਾ ਕਿ ਭਵਿੱਖ ਵਿਚ ਵੀ ਇਸ ਸਕੂਲ ਦੇ ਜਿਹੜੇ ਵਿਦਿਆਰਥੀ ਬੋਰਡ ਦੀ ਮੈਰਿਟ ਲਿਸਟ ਵਿਚ ਆਉਣਗੇ, ਉਨ੍ਹਾਂ ਸਭ ਨੂੰ ਹੀ ਸ਼ਹੀਦ ਭਗਤ ਸਿੰਘ ਸਕਾਲਰਸ਼ਿੱਪ ਪ੍ਰਦਾਨ ਕੀਤੀ ਜਾਇਆ ਕਰੇਗੀ। ਸਖ਼ਤ ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ। ਇਸ ਲਈ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਇਸ ਸਮਾਗਮ ਵਿਚ ਸਕੂਲ ਦੇ ਸਾਰੇ ਵਿਦਿਆਰਥੀਆਂ, ਪ੍ਰਿੰਸੀਪਲ ਜਸਵਿੰਦਰ ਕੌਰ, ਸਮੂਹ ਸਟਾਫ਼, ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਦੇ ਕਾਰਜਕਾਰੀ ਮੈਂਬਰ ਮੈਡਮ ਹਰਪ੍ਰੀਤ ਕੌਰ, ਮੈਡਮ ਗੁਰਮਿੰਦਰ ਕੌਰ, ਸ੍ਰੀ ਅਮਰਦੀਪ ਬੰਗਾ, ਸ੍ਰੀ ਕੁਲਵੀਰ ਸਿੰਘ ਪਾਬਲਾ, ਸ੍ਰੀ ਜਰਨੈਲ ਸਿੰਘ ਕਾਹਮਾ, ਸ੍ਰੀ ਸਰਬਜੀਤ ਸਿੰਘ ਮੰਗੂਵਾਲ, ਮੈਡਮ ਮਨਜੀਤ ਕੌਰ ਬੋਲਾ ਅਤੇ ਬਬੀਤਾ ਕੁਮਾਰੀ ਦੇ ਮਾਤਾ-ਪਿਤਾ ਨੇ ਸ਼ਿਰਕਤ ਕੀਤੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 9463601616
hardipchumber57@gmail.com

# ਰਵੱਈਆ

-ਪ੍ਰੋ. ਜਸਬੀਰ ਕੌਰ (ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ)



ਕਈ ਵਾਰ ਉਸ ਨੂੰ ਇਸ ਤਰ੍ਹਾਂ ਲੱਗਦਾ ਕਿ ਜਿੰਨੀ ਮੇਰੀ ਉਮਰ ਹੈ ਮੈਂ ਉਸ ਹਿਸਾਬ ਨਾਲ ਤਾਂ ਹਾਲੇ ਬੱਚਾ ਹੀ ਹਾਂ । ਸ਼ਾਇਦ 45 ਸਾਲ, 50 ਜਾਂ 55 ਸਾਲ ਦਾ ਮੈਂ ਬੱਚਾ ਹਾਂ । ਪਰ ਨਹੀਂ, ਜਦੋਂ ਮੈਂ ਬੱਚਾ ਸੀ ਉਦੋਂ ਤਾਂ ਸ਼ਾਇਦ ਮੈਂ ਆਪਣੇ ਮਾਂ-ਬਾਪ ਦੇ ਆਦੇਸ਼ਾਂ ਦੀ ਇੰਨੀ ਪਾਲਣਾ ਨਾ ਕੀਤੀ ਹੋਵੇ, ਜਿੰਨੀ ਕਿ ਅੱਜ ਮੈਂ ਆਪਣੇ ਘਰਦਿਆਂ ਦੀ ਹਰ ਗੱਲ ਸਿਰ ਝੁਕਾ ਕੇ ਆਰਾਮ ਨਾਲ ਸਹਿਜਤਾ ਨਾਲ ਸੁਣ ਲੈਂਦਾ ਹਾਂ ਤੇ ਮੰਨ ਲੈਂਦਾ ਹਾਂ । ਜੇਕਰ ਮੈਨੂੰ ਘਰ ਤੋਂ ਤੁਰਨ ਲੱਗਿਆਂ ਬਾਹਰ ਜਾਣ ਵੇਲੇ ਕੋਈ ਵੀ ਆਦੇਸ਼ ਦਿੱਤੇ ਜਾਂਦੇ ਹਨ, ਇੰਸਟਰਕਸ਼ਨ ਦਿੱਤੀਆਂ ਜਾਂਦੀਆਂ ਹਨ ਤਾਂ ਮੈਂ ਉਸਦੇ ਵਿਰੋਧ ਵਿੱਚ ਇੱਕ ਸ਼ਬਦ ਵੀ ਨਹੀਂ ਬੋਲਦਾ । ਮਸਲਨ ਜੇ ਮੈਂ ਸਬਜੀ ਵੀ ਲੈਣ ਜਾਣੀ ਹੈ, ਤਾਂ ਮੈਂ ਘਰ ਵਾਲਿਆਂ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਹੈ ਕਿ ਅੱਜ ਤੁਸੀਂ ਸਬਜੀ ਧਿਆਨ ਨਾਲ ਲੈ ਕੇ ਆਇਓ ! ਕੱਦੂ, ਤੋਰੀ, ਬੈਂਗਨ, ਪੇਠਾ ਤਾਂ ਬੱਚੇ ਬਿਲਕੁਲ ਵੀ ਨਹੀਂ ਖਾਂਦੇ , ਇਹ ਨਾ ਲਿਆਓ । ਭਿੰਡੀਆਂ ਕੱਲ ਹੀ ਬਣਾਈਆਂ ਸੀ। ਪਨੀਰ ਹੈਵੀ ਹੁੰਦਾ ਹੈ । ਮਟਰ, ਅਰਬੀ, ਗੋਭੀ ਤਾਂ ਵਾਈ ਕਰਦੀਆਂ ਹਨ ।ਪਿਆਜ, ਆਲੂ ਤਾਂ ਘਰ ਪਏ ਹਨ । ਫਿਰ ਪਿੱਛੇ ਰਹਿ ਕੀ ਗਿਆ? ਕਦੇ-ਕਦੇ ਮੈਨੂੰ ਬੜੀ ਖਿਝ ਆਉਂਦੀ, ਚਲੋ, ਅਖੀਰ ਤੁਰਨ ਲੱਗਿਆਂ ਇਹ ਕਹਿ ਦਿੰਦੇ, ਬਾਕੀ ਤੁਸੀਂ ਵੇਖ ਲਿਓ ਜੋ ਤੁਹਾਨੂੰ ਪਸੰਦ ਹੋਏ ਲੈ ਆਇਓ । ਨਾਲੇ ਤਾਂ 36 ਚੀਜ਼ਾਂ ਨੂੰ ਪ੍ਰਸ਼ਨ-ਚਿੰਨ੍ਹ ਲੱਗ ਜਾਂਦਾ, ਨਾਲੇ ਜੋ ਤੁਹਾਨੂੰ ਚੰਗਾ ਲੱਗੇ ਲੈ ਆਇਓ। ਇਹ ਚੀਜ਼ ਫਲਾਣੇ ਨੇ ਨਹੀਂ ਖਾਣੀ, ਇਹ ਸਬਜੀ ਕੱਲ ਬਣਾਈ ਸੀ, ਫਲਾਣੀ ਸਬਜੀ ਘਰ ਪਈ ਹੈ। ਕੋਈ ਸਬਜੀ ਗਰਮੀਆਂ ਚ ਚੰਗੀ ਨਹੀਂ ਹੁੰਦੀ। ਹਰ ਚੀਜ਼ ਵਿੱਚ ਬਾਜ਼ਾਰੋਂ ਲੈ ਕੇ ਆਉਣ ਲਈ ਕੁਝ ਨਾ ਕੁਝ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਤੇ ਕਈ ਵਾਰ ਦਿਲ ਕਰਦਾ ਕਿ ਦੋਵੇਂ ਹੱਥਾਂ ਨਾਲ ਆਪਣੇ ਵਾਲ ਪੁੱਟ ਲਵਾਂ ਜਾਂ ਸਬਜੀ ਵਾਲਾ ਥੈਲਾ ਚਲਾ ਕੇ ਮਾਰਾਂ ਕਿ ਚਲੋ ਜਾਂ ਤਾਂ ਮੇਰੇ ਨਾਲ ਚਲੋ ਜਾਂ ਫਿਰ ਆਪੇ ਲੈ ਆਓ । ਫਿਰ ਵੀ ਚੁੱਪ ਕਰਕੇ ਸਕੂਟਰੀ ਦੀ ਸੈਲਫ ਮਾਰ ਕੇ ਸਬਜੀ ਮੰਡੀ ਵੱਲ ਨੂੰ ਹੋ ਜਾਈਦਾ। ਇਸੇ ਤਰ੍ਹਾਂ ਜੇ ਘਰ ਵਿੱਚ ਕਿਸੇ ਵੀ ਚੀਜ਼ ਦੀ ਜਰੂਰਤ ਹੈ ਉਹਦੇ ਵਾਸਤੇ ਘਰ ਤੋਂ ਤੁਰਨ ਲੱਗਿਆ ਪਹਿਲਾਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਚਾਹੇ ਪਲੰਬਰ ਨੂੰ ਬੁਲਾਉਣਾ ਹੈ , ਜਾਂ ਏ.ਸੀ. ਦੀ ਸਰਵਿਸ ਵਾਲੇ ਨੂੰ । ਉਹਨੂੰ ਨਾ ਬੁਲਾਇਓ ਉਸਨੇ ਪਿਛਲੀ ਵਾਰ ਇਹ ਚੀਜ਼ ਖਰਾਬ ਕਰ ਦਿੱਤੀ ਸੀ , ਐਡਵਾਂਸ ਲੈ ਕੇ ਫਿਰ ਵਾਪਸ ਹੀ ਨਹੀਂ ਆਇਆ ਜਾਂ ਉਸ ਨੇ ਤਸੱਲੀ ਬਖਸ਼ ਕੰਮ ਨਹੀਂ ਕੀਤਾ ਸੀ । ਮਤਲਬ ਕਈ ਘਰਾਂ ਵਿੱਚ ਹਰ ਗੱਲ ਦੇ ਵਿੱਚ ਆਦਮੀ ਦੇ ਉੱਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਕੇ ਉਸਨੂੰ ਕੰਮ ਕਰਨ ਲਈ ਕਿਹਾ ਜਾਂਦਾ ਹੈ । ਕਈ ਗੱਲਾਂ ਦੇ ਉੱਤੇ ਤਾਂ ਆਦਮੀ ਨੂੰ ਇਸ ਤਰ੍ਹਾਂ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਮੈਂ ਬੱਚਾ ਹਾਂ,ਯਾਰ ! ਤੁਸੀਂ ਆਪ ਹੀ ਖ਼ਰੀਦ ਕੇ ਲੈ ਆਓ। ਨਾਲੇ ਫਿਰ ਘਰ ਲਿਆਂਦੇ ਸਮਾਨ ਬਾਰੇ, ਆਹ ਕਿੰਨੇ ਦਾ ਸੀ? ਇਹ ਕਿੰਨੇ ਰੁਪਏ ਕਿਲੋ ਹੈ ? ਹਰ ਗੱਲ ਦੇ ਜਵਾਬ ਵੀ ਤੁਹਾਨੂੰ ਤਰੋਤਾਜ਼ਾ ਯਾਦ ਰੱਖਣੇ ਪੈਂਦੇ ਹਨ । ਨਹੀਂ ਤਾਂ ਫਿਰ ਲੈ ਤੁਹਾਨੂੰ ਤਾਂ ਵੱਧ ਲਾ ਲਿਆ , ਤੁਸੀਂ ਉਸ ਦੁਕਾਨ ਵਾਲੇ ਕੋਲ ਹੀ ਜਾਣਾ ਹੁੰਦਾ ਹੈ । ਤੁਸੀਂ ਤੁਰ-ਫਿਰ ਕੇ ਸਮਾਨ ਨਹੀਂ ਲੈਂਦੇ ।

ਜਿਹੜੀਆਂ ਬੀਬੀਆਂ ਦੀ ਜਵਾਨੀ ਵਿੱਚ ਨਹੀਂ ਪੁੱਗਦੀ ਉਹ ਦਾਦੇ-ਦਾਦੀ ਬਣ ਕੇ ਦਾਦੇ ਨੂੰ ਚੰਗੀ ਤਰ੍ਹਾਂ ਸੂਤ ਕਰਦੀਆਂ ਹਨ । ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਬਾਰੇ ਦਾਦੇ ਨਾਨੇ ਨੂੰ ਇਮੋਸ਼ਨਲ ਬਲੈਕਮੇਲ ਕਰਕੇ ਉਹਨੂੰ ਚੰਗੀ ਤਰਾਂ ਘਰੇ ਨੂੜ ਕੇ ਰੱਖਦੀਆਂ ਹਨ। ਇਹ ਤਾਂ ਤੁਹਾਡੇ ਬਿਨਾਂ ਰੋਟੀ ਨਹੀਂ ਖਾਂਦਾ, ਇਹ ਤਾਂ ਤੁਹਾਡੇ ਬਿਨਾਂ ਸੌਂਦਾ ਨਹੀਂ, ਇਹਨੂੰ ਬਾਹਰ ਘੁੰਮਾ ਫਿਰਾ ਕੇ ਲਿਆਓ । ਇਹ ਤੁਹਾਡੀ ਰਾਹ ਵੇਖੀ ਜਾਂਦਾ ਸੀ। ਦੇਖੋ ਹੁਣ ਕਿੰਨਾ ਖੁਸ਼ ਆ ਤੁਹਾਡੀ ਗੋਦੀ ਵਿੱਚ ਜਾ ਕੇ। ਮਤਲਬ ਕਿ , ਉਹ ਚੰਗੀ ਤਰਾਂ ਬੰਦੇ ਦਾ ਪੁੱਤ ਬਣਾਉਣ ਦਾ ਉਹਨਾਂ ਨੂੰ ਕੋਈ ਮੌਕਾ ਹੱਥੋਂ ਨਹੀਂ ਖਜਾਉਂਦੀਆਂ ।

ਕੀ ਆਦਮੀ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਦੋਂ ਉਸਦੀ ਮਹਿਬੂਬਾ, ਪਤਨੀ, ਉਸਦੀ ਮਾਂ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਉਸਦਾ ਕਈ ਵਾਰ ਜੀ ਕਰਦਾ ਜਿੰਨੀਆਂ ਉਹ ਉਸ ਤੇ ਬੰਦਿਸ਼ਾਂ ਲਾਉਂਦੀ ਹੈ ਤੇ ਅਦੇਸ਼ ਦਿੰਦੀ ਹੈ ਉਸਦਾ ਜੀ ਕਰਦਾ ਹੈ ਕਿ ਉਸਨੂੰ ਕਹਿ ਦੇਵੇ, ਜੀ ਮੰਮੀ ਜੀ ਇਵੇਂ ਹੀ ਹੋਊਗਾ। ਕਿਸ ਨਾਲ ਕਿੰਨਾ ਬੋਲਣ, ਫਲਾਣੇ ਰਿਸ਼ਤੇਦਾਰ ਇਸ ਤਰ੍ਹਾਂ ਦੇ ਹਨ। ਫਲਾਣੇ ਨਾਲ ਇਹਨਾ ਵਰਤਣਾ ਉਹਦੇ ਘਰ ਆਪਾਂ ਜਾਣਾ ਹੈ । ਉਹਨਾਂ ਘਰੇ ਨਹੀਂ ਜਾਣਾ ।

ਬਹੁਤ ਸਾਰੀਆਂ ਬੀਬੀਆਂ ਤਾਂ ਜਦੋਂ ਉਹਨਾਂ ਦਾ ਪੁੱਤ ਜਵਾਨ ਹੋ ਜਾਂਦਾ ਹੈ ਉਨ੍ਹਾਂ ਨੂੰ ਪੁੱਤ ਵਿੱਚ ਜਿਆਦਾ ਗੁਣ ਦਿਖਣ ਲੱਗ ਜਾਂਦੇ ਹਨ ਉਹ ਆਪਣੇ ਪਤੀ ਨਾਲ ਪੁੱਤਰ ਦੀ ਤੁਲਨਾ ਕਰਦੀਆਂ ਹਨ। ਲੈ, ਤੁਹਾਨੂੰ ਤਾਂ ਕਾਰ ਚਲਾਉਣੀ ਨਹੀਂ ਆਉਂਦੀ , ਮੇਰਾ ਪੁੱਤ ਕਾਰ ਚਲਾਉਂਦਾ ਪਤਾ ਵੀ ਨਹੀਂ ਲੱਗਣ ਦਿੰਦਾ, ਕਦੇ ਸਪੀਡ ਬਰੇਕਰ ਆ ਜਾਵੇ ਤਾਂ ਕਾਰ ਦੀ ਸਪੀਡ ਘੱਟ ਕਰਕੇ ਲੰਘਾਉਂਦਾ ਹੈ । ਮੈਨੂੰ ਤਾਂ ਪਤਾ ਵੀ ਨਹੀਂ ਲੱਗਦਾ, ਤੁਸੀਂ ਤਾਂ ਬਿਨਾਂ ਗੱਲ ਤੋਂ ਹਾਰਨ ਮਾਰੀ ਜਾਂਦੇ ਰਹਿਨੇ ਹੋ। ਪਤੀ ਨੂੰ ਆਪਦੇ ਪੁੱਤਰ ਤੋਂ ਘੱਟ ਹੀ ਨੰਬਰ ਦਿੰਦੀਆਂ ਹਨ । ਹਾਲਾਂਕਿ ਇਸ ਗੱਲ ਦੀ ਸੱਚਾਈ ਵੀ ਹਰ ਔਰਤ ਨੂੰ ਪਤਾ ਹੈ ਕਿ ਬੁਢੇਪੇ ਵਿੱਚ ਪਤੀ ਪਤਨੀ ਹੀ ਇੱਕ ਦੂਜੇ ਦੇ ਸੱਚੇ ਸਾਥੀ ਹੋ ਨਿਭਦੇ ਹਨ, ਪਰ ਫਿਰ ਵੀ ਮਾਂ ਦਾ ਪੁੱਤਰ-ਪਿਆਰ ਵਾਲਾ ਪਲੜਾ ਹਮੇਸ਼ਾ ਪਤੀ ਨਾਲੋਂ ਭਾਰੀ ਰਹਿੰਦਾ ਹੈ ।

ਇਹੀ ਕਾਰਨ ਹੈ ਕਿ ਜਦੋਂ ਔਰਤਾਂ ਆਪਣੇ ਪੁੱਤਰ ਦਾ ਵਿਆਹ ਕਰ ਲੈਂਦੀਆਂ ਹਨ ਤਾਂ ਉਹ ਪੁੱਤਰ ਪਿਆਰ ਨੂੰ ਦੋ ਹਿੱਸਿਆਂ, ਪਤਨੀ ਅਤੇ ਮਾਂ ਦੇ ਵਿੱਚ ਵੰਡਣ ਤੋਂ ਇਨਕਾਰੀ ਰਹਿੰਦੀਆਂ ਹਨ, ਕਿਉਂਕਿ ਉਹ ਪੁੱਤਰ ਨਾਲ ਆਪਣੇ ਹਰ ਦੁੱਖ-ਸੁੱਖ ,ਖੁਸ਼ੀ-ਗਮੀ ਦੇ ਵਿੱਚ ਪਤੀ ਤੋਂ ਵੀ ਵੱਧ ਸਾਂਝਾ ਕਰਦੀਆਂ ਹਨ ਤੇ ਪੁੱਤਰ ਦੇ ਵਿਆਹ ਤੋਂ ਬਾਅਦ ਉਹ ਆਪਣੇ ਆਪ ਨੂੰ ਅਸੁਰੱਖਿਤ ਮਹਿਸੂਸ ਕਰਦੀਆਂ ਹਨ ।

ਬਹੁਤੇ ਨਹੀਂ ਤਾਂ ਅੱਜ ਕੱਲ 70 ਤੋਂ 80 ਪ੍ਰਤੀਸ਼ਤ ਘਰਾਂ ਦੇ ਹਾਲਾਤ ਇਸ ਤਰ੍ਹਾਂ ਦੇ ਹੀ ਹੁੰਦੇ ਹਨ। ਬਹੁਤ ਹੀ ਘਰਾਂ ਵਿੱਚ ਕਈ ਵਾਰ ਬੱਚੇ ਆਪਣੇ ਵੱਡੇ ਤੋਂ ਵੱਡੇ ਫ਼ੈਸਲੇ ਆਪਣੀ ਮੰਮੀ ਦੇ ਰਾਹੀਂ ਬਹੁਤ ਸਖ਼ਤ ਅਤੇ ਅਸੂਲਾਂ ਦੇ ਪੱਕੇ ਆਪਣੇ ਪਿਤਾ ਤੋਂ ਆਪਣੇ ਹੱਕ ਵਿੱਚ ਕਰਵਾ ਲੈਂਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਾਣੀ ਤਾਂ ਪੁਲਾਂ ਥੱਲੋਂ ਹੀ ਲੰਘਦਾ ਹੈ ।

ਕਈ ਘਰਾਂ ਵਿੱਚ ਤਾਂ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਪਹਿਲਾਂ ਤਾਂ ਇਸਤਰੀਆਂ ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਸ਼ਿਕਾਇਤਾਂ ਆਦਮੀ ਕੋਲ ਲਾਉਂਦੀਆਂ ਰਹਿੰਦੀਆਂ ਹਨ ਜਦੋਂ ਪਿਤਾ ਕੁਝ ਸਖ਼ਤ ਹੋ ਕੇ ਘਰ ਵਿੱਚ ਫ਼ੈਸਲੇ ਲੈਂਦੇ ਹਨ ਜਾਂ ਤਲਖੀ ਵਿੱਚ ਆ ਕੇ ਬੱਚਿਆਂ ਨੂੰ ਕੁਝ ਕਹਿੰਦੇ ਹਨ ਤਾਂ ਝੱਟ ਦੂਜੇ ਪਾਸੇ ਹੋ ਜਾਂਦੀਆਂ ਹਨ । ਇੱਥੇ ਫਿਰ ਮਰਦ ਵਿਚਾਰਾ ਕੀ ਕਰੇ, ਠੰਡਾ ਪਾਣੀ ਪੀ ਮਰੇ, ਵਾਲੀ ਗੱਲ ਬਣ ਜਾਂਦੀ ਹੈ ।

ਜਿਵੇਂ ਘੜੀ ਦੀਆਂ ਸੂਈਆਂ ਮੁੜ-ਮੁੜ ਕੇ ਉਹਨਾਂ ਅੱਖਰਾਂ ਤੇ ਦੁਬਾਰਾ ਆਉਂਦੀਆਂ ਹਨ ਇਸੇ ਤਰ੍ਹਾਂ ਕਈ ਔਰਤਾਂ ਦੀ ਜ਼ਿੰਦਗੀ ਦੀ 15-18 ਸਾਲ ਜਿਹੜੇ ਉਨਾਂ ਨੇ ਦੜ ਵੱਟ ਕੇ, ਗੁੰਗੀਆਂ ਬਣ ਕੇ ਕੱਟੇ ਹੁੰਦੇ ਹਨ, ਹੁਣ ਜਦੋਂ ਉਹਨਾਂ ਦੇ ਬੱਚੇ ਜਵਾਨ ਹੋ ਜਾਂਦੇ ਹਨ ਤਾਂ ਇਹ ਘੜੀ ਦੀਆਂ ਸੂਈਆਂ ਉਨਾਂ ਦੇ ਹੱਕ ਵਿੱਚ 10-12 ਸਾਲ ਚਲਦੀਆਂ ਹਨ । ਜਿਵੇਂ ਕਹਿੰਦੇ ਹਨ ਕਿ ਕੁੜੀਆਂ ਤਾਂ ਹਮੇਸ਼ਾ ਮਾਂ-ਪਿਓ ਦੀਆਂ ਰਹਿੰਦੀਆਂ ਹਨ। ਇਸ ਤਰਾਂ ਉਹ ਮਾਂ-ਬਾਪ ਦੇ ਮਰਨ ਤੱਕ ਦੋਵਾਂ ਦਾ ਬਰਾਬਰ ਪੱਖ ਪੂਰਦੀਆਂ ਹਨ, ਪਰ ਪੁੱਤਰ ਜਦੋਂ ਤੱਕ ਵਿਆਹੇ ਨਹੀਂ ਜਾਂਦੇ, ਉਦੋਂ ਤੱਕ ਮਾਂ ਦੇ ਹੱਕ ਵਿੱਚ ਖੜ੍ਹੇ ਹਨ ਤੇ ਮਾਂ ਫਿਰ ਆਪਣੇ ਪਤੀ ਨੂੰ ਰੱਜ ਕੇ ਗੱਲ ਗੱਲ 'ਤੇ ਪਿਛਲੇ ਬੀਤ ਚੁੱਕੇ ਵਰ੍ਹਿਆਂ ਦੇ ਉਲਾਂਭੇ ਦਿੰਦੀ ਰਹਿੰਦੀ ਹੈ । ਪਰ ਇਹ ਸਿਲਸਿਲਾ ਬਹੁਤਾ ਲੰਮਾ ਨਹੀਂ ਚੱਲਦਾ। ਅਖੀਰ ਥੋੜ੍ਹੇ ਵਰ੍ਹਿਆਂ ਬਾਅਦ ਪਤਨੀ ਨੇ ਪਤੀ ਦੇ ਗੋਡੇ ਨਾਲ ਹੀ ਲੱਗਣਾ ਹੁੰਦਾ ਹੈ। ਪਤੀ ਹੀ ਇਹ ਝਾਲ ਝਲਦਾ ਹੈ । ਕਿਉਂਕਿ ਇੱਥੇ ਉਮਰ ਦਾ ਅਖੀਰਲਾ ਪੜਾਅ ਸ਼ੁਰੂ ਹੋ ਚੁੱਕਿਆ ਹੁੰਦਾ ਹੈ ।

ਸਮਾਜ ਵਿੱਚ ਸਾਰੇ ਨਹੀਂ ਤਾਂ ਬਹੁਤੇ ਘਰਾਂ ਵਿੱਚ ਦੇਖਣ ਨੂੰ ਤਾਂ ਪਿਤਾ ਪੁਰਖੀ ਪਰਿਵਾਰ ਲੱਗਦੇ ਹੁੰਦੇ ਹਨ, ਪਰ ਘਰ ਦਾ ਅਸਲ ਰਿਮੋਟ ਕੰਟਰੋਲ ਮਾਤਾ ਦੇ ਹੱਥ ਵਿੱਚ ਹੀ ਹੁੰਦਾ ਹੈ। ਗੱਲ ਗੱਲ 'ਤੇ ਕੀਤੀ ਗਈ ਟੋਕਾ-ਟਾਕੀ ਤੇ ਦਿੱਤੀਆਂ ਗਈਆਂ ਹਦਾਇਤਾਂ ਮਰਦ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ ਕੀ ਮੈਂ ਮੰਦ ਬੁੱਧੀ ਤਾਂ ਨਹੀਂ ਕਿਤੇ ?

ਕਈ ਘਰਾਂ ਵਿੱਚ ਵੱਡੇ ਬਜ਼ੁਰਗ ਸਭ ਕੁਝ ਦੇਖ ਰਹੇ ਹੁੰਦੇ ਹਨ ਪਰ ਘਰ ਦੀ ਸੁਖ ਸ਼ਾਂਤੀ ਲਈ ਉਹ ਮੂਕ ਦਰਸ਼ਕ ਬਣੇ ਰਹਿੰਦੇ ਹਨ। ਹੌਲੀ ਹੌਲੀ ਪਤਨੀ ਦਾ ਮਾਂ ਵਾਂਗ ਵਿਵਹਾਰ ਬਣ ਜਾਂਦਾ ਹੈ, ਜਿਸ ਤਰ੍ਹਾਂ ਛੋਟਾ ਬੱਚਾ ਆਪਣੀ ਮਾਂ ਤੋਂ ਬਿਨਾਂ ਰਹਿ ਨਹੀਂ ਸਕਦਾ, ਉਹ ਅਸੁਰੱਖਿਅਤ ਮਹਿਸੂਸ ਕਰਦਾ ਹੈ, ਨਿੱਕੀ-ਨਿੱਕੀ ਗੱਲ ਦੇ ਫ਼ੈਸਲਿਆਂ ਲਈ ਵੀ ਉਹ ਬੱਚਿਆਂ ਨੂੰ ਇਹ ਕਹਿੰਦਾ ਹੈ ਕਿ ਆਪਣੀ ਮੰਮੀ ਤੋਂ ਪੁੱਛ ਲਓ, ਚਾਹੇ ਉਹ ਕੁਝ ਚਾਕਲੇਟ, ਆਈਸਕ੍ਰੀਮ ਖਾਣ ਦੀ ਗੱਲ ਹੋਵੇ ਜਾਂ ਬਾਹਰ ਖੇਡਣ ਜਾਣ ਦੀ ਗੱਲ ਹੋਵੇ, ਪੱਲਾ ਝਾੜ ਲੈਂਦਾ ਹੈ ।ਇਸ ਤਰ੍ਹਾਂ ਪਤੀ ਵੀ ਘਰ ਵਿੱਚ ਪਤਨੀ ਤੇ ਬੱਚਿਆਂ ਤੋਂ ਬਿਨਾਂ ਆਪਣੇ ਆਪ ਨੂੰ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦਾ ਹੈ। ਉਸ ਨੂੰ ਆਪਣੀ ਸਮਰੱਥਾ ਭੁੱਲ ਜਾਂਦੀ ਹੈ। ਇਹ ਸਿਲਸਿਲਾ ਬੱਚਿਆਂ ਨੂੰ ਪਾਲਣ ਤੋਂ ਲੈ ਕੇ ਉਨਾਂ ਦੇ ਵਿਆਹਾਂ ਦੇ ਫੈਸਲੇ ਤੇ ਵਿਆਹਾਂ ਨੂੰ ਨੇਪਰੇ ਚਾੜਨ ਤੱਕ ਅਗਾਂਹ ਪੋਤੇ-ਪੋਤੀਆਂ ਦੇ ਪਾਲਣ-ਪੋਸ਼ਣ ਤੱਕ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ । ਜਿਹੜੇ ਪਤੀ ਦੇਵ ਆਪਣੀ ਪਤਨੀ ਦੇ ਹਰ ਹੁਕਮ ਨੂੰ ਯੈਸ ਬੋਸ ਕਹਿ ਕੇ ਮੰਨਦੇ ਰਹਿੰਦੇ ਹਨ ਭਾਵੇਂ ਉਹਨਾਂ ਨੂੰ ਅਗਲੇਰੀ ਉਮਰ ਵਿੱਚ ਜਾ ਕੇ ਡਿਪਰੈਸ਼ਨ, ਸ਼ੂਗਰ ਅਤੇ ਦਿਲ ਦੇ ਰੋਗ ਹੋ ਜਾਂਦੇ ਹੋਣਗੇ ਪਰ ਉਹਨਾਂ ਦੀਆਂ ਪਤਨੀਆਂ ਹਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਤੇ ਤਰੋਤਾਜਾ ਰਹਿੰਦੀਆਂ ਹਨ ਜਿਵੇਂ ਕਿ ਅੱਜ ਮੁਕਲਾਵੇ ਆਈਆਂ ਹੋਣ ।

ਸਾਨੂੰ ਚਾਹੇ ਉਹ ਔਰਤ ਹੈ ਜਾਂ ਮਰਦ ਹੈ ਉਸ ਨੂੰ ਹਫਤੇ - ਦੱਸ ਦਿਨਾਂ ਬਾਅਦ ਕੁਝ ਸਮਾਂ ਆਪਣੀ ਜਿੰਦਗੀ ਮਾਨਣ ਲਈ ਜਰੂਰ ਦੇਣਾ ਚਾਹੀਦਾ ਹੈ, ਜਿਸ ਸਮੇਂ ਦੌਰਾਨ ਉਹ ਆਪਣੇ ਦੋਸਤ ਮਿੱਤਰਾਂ , ਯਾਰਾਂ-ਬੇਲੀਆਂ, ਸਖੀਆਂ-ਸਹੇਲੀਆਂ ਵਿੱਚ ਜਾ ਕੇ ਆਪਣੇ ਦਿਲ ਦੀ ਚੀਕ ਬੁਲਬਲੀ ਕੱਢ ਸਕਣ ਤੇ ਆਪਣੀ ਜ਼ਿੰਦਗੀ ਨੂੰ ਹੋਰ ਉਤਸ਼ਾਹ ਨਾਲ ਭਰ ਸਕਣ ।

ਜੇਕਰ ਅਸੀਂ ਬੁਢੇਪੇ ਦੀ ਗੱਲ ਕਰੀਏ ਤਾਂ ਇਹੀ ਸਾਡੀਆਂ ਸੁਆਣੀਆਂ ਬੁਢੇਪੇ ਵਿੱਚ ਆਪਣੇ ਹਮਸਫਰ ਅੱਗੇ ਅੱਖਾਂ ਵਿੱਚੋਂ ਅੱਥਰੂ ਕੇਰਦੀਆਂ, ਵੱਡੇ -ਵੱਡੇ ਹੌਂਕੇ ਲੈਂਦੀਆਂ ਹੋਈਆਂ, ਫਿਰ ਨਿੱਕੀ-ਨਿੱਕੀ ਗੱਲ ਦੀ ਸਾਂਝੀਦਾਰੀ ਪਾਉਂਦੀਆਂ ਮੁੰਡੇ ਤੇ ਵਹੁਟੀ ਦੀਆਂ ਸ਼ਿਕਾਇਤਾਂ ਲਾਉਂਦੀਆਂ ਹਨ, ਕਦੇ ਆਂਢੀ-ਗੁਆਂਢੀ ਨੂੰ ਬੁਰਾ ਭਲਾ ਕਹਿੰਦੀਆਂ, ਕਦੇ ਕਿਸੇ ਰਿਸ਼ਤੇਦਾਰ ਵਿੱਚ ਨਘੋਚਾਂ ਕੱਢਦੀਆਂ ਹੋਈਆਂ ਫੇਰ ਆਪਣਾ ਦੁੱਖ-ਸੁੱਖ ਪਤੀ ਨਾਲ ਸਾਂਝਾ ਕਰਦੀਆਂ ਹਨ ਤੇ ਇਹ ਵੀ ਭੁੱਲ ਜਾਂਦੀਆਂ ਹਨ ਕਿ ਇਹ ਗੱਲ ਉਹਨਾਂ ਨੇ ਜਾਂ ਇਹ ਸ਼ਿਕਾਇਤ ਉਹਨਾਂ ਨੇ ਆਪਣੇ ਪਤੀ ਨੂੰ ਹੁਣੇ-ਹੁਣੇ ਚਾਰ ਵਾਰ ਸੁਣਾਈ ਹੈ, ਪਰ ਇਸ ਉਮਰ ਵਿੱਚ ਪਹੁੰਚੇ ਪਤੀ ਪੂਰੀ ਤਰਹਾਂ ਪਰਪੱਕ ਹੋ ਚੁੱਕੇ ਹੁੰਦੇ ਹਨ ਤੇ ਉਹ ਇੱਕ ਵਾਰ ਵੀ ਇਹ ਗੱਲ ਨਹੀਂ ਆਖਦੇ ਕਿ ਤੈਨੂੰ ਪਤਾ ਹੈ ਕਿ ਤੂੰ ਇਹ ਗੱਲ ਮੈਨੂੰ ਹੁਣ ਚੌਥੀ ਵਾਰ ਕਹਿ ਰਹੀ ਹੈਂ। ਜਿਹੜੇ ਪਤੀ ਦੇਵ ਦੀ ਜਵਾਨੀ ਵਿੱਚ ਹਰ ਗੱਲ ਉਹਨਾਂ ਨੂੰ ਭੈੜੀ ਲੱਗਦੀ ਹੈ ਚਾਹੇ ਉਹ ਖਾਣ-ਪੀਣ ਦਾ ਤਰੀਕਾ ਸੀ ਜਾਂ ਨਹਾ ਕੇ ਤੌਲੀਆ ਬਾਹਰ ਸੁੱਕਣਾ ਨਹੀਂ ਸੀ ਪਾਉਂਦੇ ਜਾਂ ਚੱਪਲਾਂ ਨੂੰ ਸਹੀ ਢੰਗ ਨਾਲ ਸਹੀ ਥਾਂ ਤੇ ਨਹੀਂ ਸੀ ਰੱਖਦੇ ਜਾਂ ਉਹਨਾਂ ਦੇ ਬੋਲਣ ਤੇ ਵਿਵਹਾਰ ਕਰਨ ਦੇ ਤੌਰ ਤਰੀਕੇ ਤੋਂ ਉਹ ਹਮੇਸ਼ਾ ਦੁਖੀ ਰਹਿੰਦੀਆਂ ਸਨ, ਅੱਜ ਉਹੀ ਬੀਬੀਆਂ ਔਰਤਾਂ ਬਜ਼ੁਰਗ ਹੋ ਕੇ ਢਲਦੀ ਉਮਰ ਦੇ ਇਸ ਪੜਾਅ ਤੇ ਆਪਣੇ ਬੱਚਿਆਂ ਨੂੰ ਕਹਿ ਰਹੀਆਂ ਹੁੰਦੀਆਂ ਹਨ ਕੀ ਮੈਂ ਤਾਂ ਤੁਹਾਡੇ ਪਿਓ ਅੱਗੇ ਕਦੇ ਉੱਚੀ ਆਵਾਜ਼ ਵਿੱਚ ਗੱਲ ਵੀ ਨਹੀਂ ਸੀ ਕੀਤੀ। ਤਾਂ ਫਿਰ ਉਹ 35, 45, ਜਾਂ 55 ਸਾਲ ਦੀ ਉਮਰ ਵਾਲਾ ਓਹੀ ਮਰਦ ਬੱਚਾ ਜਿਸ ਦੀ ਹਰ ਗੱਲ ਵਿੱਚ ਨੁਕਸ ਕੱਢੇ ਹੁੰਦੇ ਸਨ ਇਹਨਾਂ ਨੂੰ ਹੌਂਸਲੇ ਭਰੇ ਸ਼ਬਦਾਂ ਨਾਲ ਦਿਲਾਸਾ ਦਿੰਦਾ ਹੈ। ਫਿਰ ਇਹੀ ਉਸ ਬਜ਼ੁਰਗ ਹੋ ਚੁੱਕੇ ਬੁੱਢੇ ਹਮ ਸਫਰ ਨੂੰ ਆਪਣਾ ਸਭ ਕੁਝ ਮੰਨਦੀਆਂ ਹਨ। ਇਹੀ ਤਾਂ ਪਿਆਰ ਹੁੰਦਾ ਹੈ ਉਥੇ ਵਿਚਾਰਾਂ , ਵਿਸ਼ਵਾਸਾਂ, ਆਦਤਾਂ , ਰਵਈਏ, ਸੁਭਾਅ ਆਦਿ ਦਾ ਵਖਰੇਵਾਂ ਨਹੀਂ ਰੜਕਦਾ ਸਭ ਕਬੂਲ ਹੁੰਦਾ ਹੈ।

# ਸ. ਬਲਦੇਵ ਸਿੰਘ ਮਹਿਰਾ ਨੂੰ ਬਸਪਾ ਪੰਜਾਬ ਦੇ ਮੀਤ ਪ੍ਰਧਾਨ ਬਣਾਕੇ ਜਿਲਾ ਪਟਿਆਲਾ ਨੂੰ ਬਖਸ਼ਿਆ ਮਾਣ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 9463601616
hardipchumber57@gmail.com

ਪਟਿਆਲਾ- ਜਗਤਾਰ ਸਿੰਘ ਰੋੜੇਵਾਲ,

ਬਹੁਜਨ ਸਮਾਜ ਪਾਰਟੀ ਦੀ ਕੱਲ੍ਹ ਸ੍ਰੀ ਕਾਂਸ਼ੀ ਰਾਮ ਭਵਨ ਸੂਬੇ ਦੇ ਮੁੱਖ ਦਫਤਰ ਜਲੰਧਰ ਵਿਖੇ ਮੀਟਿੰਗ ਹੋਈ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਨੀਵਾਲ ਰਾਸ਼ਟਰੀ ਕੋਆਰਡੀਨੇਟਰ ਅਤੇ ਕੇਂਦਰੀ ਪ੍ਰਭਾਰੀ ਸ੍ਰੀ ਵਿਪੁਲ ਕੁਮਾਰ, ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ, ਸਟੇਟ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ ਅਤੇ ਸਟੇਟ ਕੋਆਰਡੀਨੇਟਰ ਕੁਲਦੀਪ ਸਿੰਘ ਸਰਦੂਲਗੜ੍ਹ ਜੀ ਹਾਜ਼ਰ ਸਨ।ਇਸ ਮੌਕੇ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦੇ ਦਿਸ਼ਾ ਨਿਰਦੇਸ਼ ਤੇ ਸ. ਬਲਦੇਵ ਸਿੰਘ ਮਹਿਰਾ ਜੀ ਨੂੰ ਬਸਪਾ ਪੰਜਾਬ ਦੇ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਸ. ਬਲਦੇਵ ਸਿੰਘ ਮਹਿਰਾ ਇਸ ਤੋਂ ਪਹਿਲਾਂ ਵੀ ਸੂਬੇ ਦੇ ਮੀਤ ਪ੍ਰਧਾਨ ਰਹਿ ਚੁੱਕੇ ਅਤੇ ਹੁਣ ਸੂਬਾ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਦੁਬਾਰਾ ਫਿਰ ਸੂਬੇ ਦੇ ਮੀਤ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ



ਕਿ ਮੈਂ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸੂਬਾ ਦਾ ਮੀਤ ਪ੍ਰਧਾਨ ਬਣਾਇਆ ਹੈ।ਮੈਂ ਪਹਿਲਾਂ ਦੀ ਤਰ੍ਹਾਂ ਜੋ ਪਾਰਟੀ ਨੇ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ ਮੈਂ ਤਨਦੇਹੀ ਨਾਲ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹਾਂਗਾ।

# ਬਸਪਾ ਪੰਜਾਬ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਕੀਤਾ ਵਿਸਥਾਰ,

## ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ, ਜਗਜੀਤ ਸਿੰਘ ਛੜਬੜ ਸੂਬਾ ਜਨਰਲ ਸਕੱਤਰ ਬੰਤ ਸਿੰਘ ਆਈ ਟੀ ਓ ਨੂੰ ਬਣਾਇਆ ਪਟਿਆਲਾ ਦਾ ਕੋਆਰਡੀਨੇਟਰ, ਮੇਜਰ ਸਿੰਘ ਟਿੱਬੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 9463601616
hardipchumber57@gmail.com

ਜਗਤਾਰ ਸਿੰਘ ਰੋੜੇਵਾਲ -- ਬਹੁਜਨ ਸਮਾਜ ਪਾਰਟੀ ਦੀ ਕੱਲ੍ਹ ਸ੍ਰੀ ਕਾਂਸ਼ੀ ਰਾਮ ਭਵਨ ਸੂਬੇ ਦੇ ਮੁੱਖ ਦਫਤਰ ਜਲੰਧਰ ਵਿਖੇ ਮੀਟਿੰਗ ਕੀਤੀ।ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਣੀਵਾਲ ਰਾਸ਼ਟਰੀ ਕੋਆਰਡੀਨੇਟਰ ਤੇ ਕੇਂਦਰੀ ਪ੍ਰਭਾਰੀ ਸ੍ਰੀ ਵਿਪੁਲ ਕੁਮਾਰ, ਬਸਪਾ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਜਾਪਤੀ ਅਜੀਤ ਸਿੰਘ ਭੈਣੀ ਸਟੇਟ ਕੋਆਰਡੀਨੇਟਰ ਅਤੇ ਕੁਲਦੀਪ ਸਿੰਘ ਸਰਦੂਲਗੜ੍ਹ ਜੀ ਹਾਜ਼ਰ ਸਨ। ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦੇ ਦਿਸ਼ਾ ਨਿਰਦੇਸ਼ ਤੇ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ, ਜਗਜੀਤ ਸਿੰਘ ਛੜਬੜ ਸੂਬਾ ਜਨਰਲ ਸਕੱਤਰ ਤੇ ਬੰਤ ਸਿੰਘ ਆਈ ਟੀ ਓ ਨੂੰ ਪਟਿਆਲਾ ਜ਼ਿਲ੍ਹੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀਆਂ ਲਈ ਜੋਗਾ ਸਿੰਘ ਪਨੋਦੀਆਂ ਸੂਬਾ ਜਨਰਲ ਸਕੱਤਰ,ਮੇਜਰ ਸਿੰਘ ਟਿੱਬੀ ਪ੍ਰਧਾਨ ਜ਼ਿਲ੍ਹਾ ਪਟਿਆਲਾ, ਸੁਰਜੀਤ ਸਿੰਘ ਗੋਰੀਆ ਕੋਆਰਡੀਨੇਟਰ, ਅੰਗਰੇਜ਼ ਸਿੰਘ ਬਹਾਦਰਗੜ੍ਹ ਜ਼ਿਲ੍ਹਾ ਇੰਚਾਰਜ, ਜਗਤਾਰ ਸਿੰਘ ਭੱਟੀ ਸਾਬਕਾ ਪ੍ਰਧਾਨ ਪਟਿਆਲਾ ਦਿਹਾਤੀ, ਰਾਜਿੰਦਰ ਸਿੰਘ ਚੱਪੜ ਪ੍ਰਧਾਨ ਹਲਕਾ ਰਾਜਪੁਰਾ, ਬਲਕਾਰ ਸਿੰਘ ਹਰਪਾਲਪੁਰ ਪ੍ਰਧਾਨ ਹਲਕਾ ਘਨੌਰ ਜਰਨੈਲ ਸਿੰਘ ਬਿੱਟੂ ਹਲਕਾ ਸਮਾਣਾ ਬੀਬੀ ਕਮਲਪ੍ਰੀਤ ਕੌਰ ਸੁਨੀਤਾ ਪ੍ਰਧਾਨ ਲੇਡੀ ਵਿੰਗ ਪਟਿਆਲਾ, ਕਰਨੈਲ ਸਿੰਘ ਝਿੱਲ ਆਦਿ ਆਗੂਆਂ ਤੇ ਵਰਕਰਾਂ ਨੇ ਇਹਨਾਂ ਨਿਯੁਕਤੀਆਂ ਲਈ ਬਸਪਾ ਹਾਈਕਮਾਨ ਦਾ ਧੰਨਵਾਦ ਕੀਤਾ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮਰਪਿਤ ਖੂਨਦਾਨ ਕੈਂਪ ਲਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com





ਲੁਧਿਆਣਾ (ਗੁਰਦੀਪ ਸਿੰਘ) ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘੱਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ ਰੇਖ ਹੇਠ 806ਵਾਂ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਪਾਤਸ਼ਾਹੀ ਛੇਵੀਂ ਠੱਠਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਬੂਟਾ ਸਿੰਘ ਅਤੇ ਗੁ: ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਪ੍ਰਧਾਨ ਤੇਗਾ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹਾਦਤ ਅਤੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਖੂਨ-ਦਾਨ ਨੂੰ ਮਹਾ-ਦਾਨ ਇਸ ਲਈ ਕਿਹਾ ਜਾਂਦਾ ਹੈ ਕਿ ਇਕ ਇਨਸਾਨ ਦੇ ਖੂਨ-ਦਾਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਮਿਲਿਆ। ਇਸ ਲਈ ਹਰ ਤੰਦਰੁਸਤ ਇਨਸਾਨ ਨੂੰ ਲੋੜਵੰਦ ਮਰੀਜ਼ਾਂ ਲਈ ਤਿੰਨ ਮਹੀਨੇ ਬਾਅਦ ਖੂਨ ਦਾਨ ਕਰਨਾ ਚਾਹੀਦਾ ਹੈ ਇਸ ਮੌਕ ਤੇ ਪ੍ਰਧਾਨ ਤੇਗਾ ਸਿੰਘ ਅਤੇ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਮੈਨੇਜਰ ਬੂਟਾ ਸਿੰਘ ਅਤੇ ਲਖਵਿੰਦਰ ਸਿੰਘ ਜ਼ੀਰਾ ਸਮੇਤ ਖੂਨਦਾਨ ਕਰਨ ਵਾਲੇ ਪ੍ਰਾਣੀਆ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਮੈਨੇਜਰ ਬੂਟਾ ਸਿੰਘ ਨੇ ਦਸਿਆ ਖੂਨਦਾਨ ਕੈਂਪ ਦੋਰਾਨ ਇਕੱਤਰ ਕੀਤਾ ਗਿਆ ਖੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿਚ ਦਿਤਾ ਜਾਵੇਗਾ। ਇਸ ਮੌਕੇ ਤੇ ਅਜੀਤ ਸਿੰਘ ਮੀਤ ਪ੍ਰਧਾਨ, ਮਨਜੀਤ ਸਿੰਘ, ਸਵਰਨ ਸਿੰਘ, ਭਾਈ ਹਰਦੀਪ ਸਿੰਘ,ਭਾਈ ਸੁਖਬੀਰ ਸਿੰਘ ਕਥਵਾਚਕ, ਜੁਗਰਾਜ ਸਿੰਘ,ਗੁਰਿੰਦਰ ਸਿੰਘ ਕਿਰਤੇਵਾਲ ਕਲਾਂ,ਬਲਦੇਵ ਸਿੰਘ ਸੰਧੂ, ਗੁਰਮੀਤ ਸਿੰਘ ਖਾਲਸਾ, ਸਰਬਜੀਤ ਸਿੰਘ ਸੇਹਲ, ਹਰਜਿੰਦਰ ਸਿੰਘ ਚਿਰਾਗਵਾਲੀ, ਰੌਣਕ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਵਿੱਦਿਆ ਮਨੁੱਖ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਂਦੀ ਹੈ : ਚੇਅਰਮੈਨ ਨਵਦੀਪ ਸਿੰਘ ਜੀਦਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਬਠਿੰਡਾ, 28 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੁ)- ਵਿੱਦਿਆਂ ਮਨੁੱਖ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਂਦੀ ਹੈ, ਜਿਸ ਨਾਲ ਮਨੁੱਖ ਦੀ ਬੌਧਿਕਤਾ ਅਤੇ ਮਾਨਸਿਕਤਾ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਦੇ ਚੇਅਰਮੈਨ ਸ਼ੂਗਰਫੈਡ ਪੰਜਾਬ ਨਵਦੀਪ ਸਿੰਘ ਨੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਮੁਹਿੰਮ ਸਿੱਖਿਆਂ ਕ੍ਰਾਂਤੀ ਦੇ ਮੱਦੇਨਜ਼ਰ ਪਿੰਡ ਮੁਹਾਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਦੌਰਾਨ ਨਵਦੀਪ ਸਿੰਘ ਨੇ ਕਿਹਾ ਕਿ ਸਾਲ 2022 ਵਿੱਚ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿੱਚ ਸੁਧਾਰ ਲਿਆਉਣ ਲਈ ਜ਼ਮੀਨੀ ਪੱਧਰ ਉੱਤੇ ਉਪਰਾਲੇ ਸ਼ੁਰੂ ਹੋਏ ਅਤੇ ਨਿਰੰਤਰ ਯਤਨਾਂ ਸਦਕਾ ਜਿੱਥੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ ਉੱਥੇ ਹੀ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਪੜਾਉਣ ਸ਼ੈਲੀ ਵਿੱਚ ਹੋਰ ਸੁਧਾਰ ਲਿਆਉਣ ਲਈ ਆਈਆਈਟੀ, ਅਹਿਮਦਾਬਾਦ, ਸਿੰਘਾਪੁਰ, ਫਿਨਲੈਂਡ ਵਿੱਚ ਉੱਚ ਪੱਧਰੀ ਸਿਖਲਾਈ ਦਿਵਾਈ ਗਈ।ਇਸ ਮੌਕੇ ਨਵਦੀਪ ਸਿੰਘ ਜੀਦਾ ਨੇ ਜ਼ਿਲ੍ਹੇ ਦੇ ਪਿੰਡ ਕੋਟ ਗੁਰੁ ਦੇ ਸਰਕਾਰੀ ਸਮਾਰਟ ਹਾਈ ਸਕੂਲ ਵਿਖੇ ਵੀ ਨਵੀਂ ਬਣੀ ਸਕੂਲ ਦੀ ਚਾਰਦੀਵਾਰੀ, ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਪ੍ਰਣਾਲੀ ਅਤੇ ਸਪੋਰਟਸ ਟਰੈਕ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਸਕੂਲ ਮੁਖੀ ਸੁਖਪਾਲ ਸਿੰਘ, ਗ੍ਰਾਮ ਪੰਚਾਇਤ, ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੇ ਪਤਵੰਤੇ ਆਦਿ ਹਾਜ਼ਰ ਸਨ।

# ਕਪੂਰਥਲਾ ਦੇ ਇੱਕ ਪਿੰਡ ਚ ਪੰਜਾਬ ਪੁਲਿਸ ਦੇ ਮੁਲਾਜ਼ਮ ਘਰ ਚੋਰਾਂ ਨੇ ਪਾਈ ਕਾਰਵਾਈ

## - ਹਜ਼ਾਰਾਂ ਦੀ ਨਗਦੀ, ਗਹਿਣੇ ਤੇ ਹੋ ਕੀਮਤੀ ਸਮਾਨ ਚੋਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਬਲਵਿੰਦਰ ਸਿੰਘ ਧਾਲੀਵਾਲ ਸੁਲਤਾਨਪੁਰ ਲੋਧੀ/ ਕਪੂਰਥਲਾ 28 ਮਈ 2025 - ਜ਼ਿਲ੍ਹਾ ਕਪੂਰਥਲਾ ਦੇ ਥਾਣਾ ਬੇਗੋਵਾਲ ਅਧੀਨ ਆਉਂਦੇ ਪਿੰਡ ਟਾਂਡੀ ਦਾਖਲੀ ਵਿਖੇ ਚੋਰਾਂ ਨੇ ਚਿੱਟੇ ਦਿਨ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਧਰਮਿੰਦਰ ਸਿੰਘ ਦੇ ਘਰ ਦਾਖਲ ਹੋ ਕੇ ਉਥੇ ਪਈ ਨਗਦੀ ਤੇ ਜੇਵਰ ਚੋਰੀ ਕਰ ਕੇ ਰਫੂ ਚੱਕਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤੋਸ਼ ਕੌਰ ਪਤਨੀ ਧਰਮਿੰਦਰ ਸਿੰਘ ਨੇ ਦੱਸਿਆ ਕਿ ਉਨਾ ਦੇ ਪਤੀ ਸਬ- ਇੰਸਪੈਕਟਰ ਤੇ ਪਦਉਨਤ ਹੋਣ ਲਈ ਫਿਲੋਰ ਵਿਖੇ ਟਰੇਨਿੰਗ ਤੇ ਗਏ ਹੋਏ ਤੇ ਮੈਂ ਬੀਤੇ ਕੱਲ 27 ਮਈ ਨੂੰ ਘਰ ਨੂੰ ਤਾਲਾ ਲਗਾ ਕੇ ਰਿਸ਼ਤੇਦਾਰਾਂ ਚ ਹੋ ਰਹੇ ਭੋਗ ਸਮਾਗਮ ਚ ਸ਼ਾਮਲ ਹੋਣ ਲਈ ਘਰੋ ਸਵੇਰੇ 8 ਵਜੇ ਘਰੇ ਚਲੀ ਗਈ ।

ਜਦ ਸ਼ਾਮ 4 ਵਜੇ ਘਰ ਆ ਕੇ ਮੇਨ ਗੇਟ ਦਾ ਤਾਲਾ ਖੋਹਲ ਕੇ ਅੰਦਰ ਗਈ ਤਾਂ ਅੰਦਰ ਮੇਨ ਦਰਵਾਜ਼ੇ ਦਾ ਤਾਲਾ ਟੁਟਿਆ ਹੋਇਆ ਸੀ ਤੇ ਅੰਦਰ ਕਮਰਿਆਂ ਚ ਬਣੀਆਂ ਅਲਮਾਰੀਆਂ ਦਾ ਸਮਾਨ ਖਿਲਰਿਆ ਪਿਆ ਸੀ ਮੈ ਇਕੱਲੀ ਹੋਣ ਕਰਕੇ ਇਹ ਸਭ ਵੇਖ ਕੇ ਡਰ ਗਈ ਤੇ ਗੁਆਂਢੀਆਂ ਨੂੰ ਸੱਦ ਕੇ ਲਿਆਦਾਂ , ਜਦ ਸਮਾਨ ਚੈੱਕ ਕੀਤਾ ਤਾਂ 40 ਹਜ਼ਾਰ ਦੀ ਨਗਦੀ, ਦੋ ਤੋਲੇ ਸੋਨਾ , ਕੀਮਤੀ ਸ਼ਰਾਬ ਤੇ ਹੋਰ ਸਮਾਨ ਗਾਇਬ ਸੀ। ਉਨਾ ਦੱਸਿਆ ਕਿ ਚੋਰ ਕੰਧ ਟੱਪ ਕੇ ਘਰ ਚ ਦਾਖਲ ਹੋਏ ਤੇ ਅੰਦਰ ਦਰਵਾਜਿਆਂ ਦਾ ਤਾਲਾ ਭੰਨ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਸੰਤੋਸ਼ ਕੌਰ ਨੇ ਦੱਸਿਆ ਕਿ ਇਸ ਸਬੰਧੀ ਬੇਗੋਵਾਲ ਪੁਲਿਸ ਨੂੰ ਸੁਚਿਤ ਕਰ ਦਿੱਤਾ ਹੈ ਤੇ ਉਨਾ ਮੌਕੇ ਤੇ ਇੱਕ ਲੋਹੇ ਦੀ ਸੱਬਲ ਆਪਣੇ ਕਬਜ਼ੇ ਚ ਲੈ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਧਰਮਿੰਦਰ ਮਸਾਣੀ ਇਨਕਲਾਬੀ ਗਾਇਕ, ਖੇਡ ਲੇਖਕ ਸਰਬਜੀਤ ਮੰਗੂਵਾਲ ਦੇ ਘਰ ਹੋਈ ਮਿਲਣੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com




ਬੰਗਾ (ਚਰਨਜੀਤ ਸੱਲ੍ਹਾਂ )ਲਹਿੰਦੇ ਪੰਜਾਬ ਤੋਂ ਵਾਪਸ ਆ ਕੇ ਕ੍ਰਾਂਤੀਕਾਰੀ ਗਾਇਕ ਧਰਮਿੰਦਰ ਮਸਾਣੀ ਆਪਣੇ ਮਿੱਤਰ ਨਿੰਤਨ ਮੁਕੰਦਪੁਰ ਅਤੇ ਵਰਿੰਦਰ ਦੇ ਨਾਲ ਖੇਡ ਲੇਖਕ ਤੇ ਫੁੱਟਬਾਲ ਕੋਚ ਸਰਬਜੀਤ ਮੰਗੂਵਾਲ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਏ। ਸਾਰੇ ਪਰਿਵਾਰ ਨੇ ਬੜਾ ਮਾਣ ਮਹਿਸੂਸ ਕੀਤਾ। ਸਾਹਿਤਕ ਅਤੇ ਖੇਡ ਸੱਭਿਆਚਾਰਕ ਵਿਸ਼ੇ ਤੇ ਢੇਰ ਸਾਰੀਆਂ ਗੱਲਾਂ ਕਰਦਿਆਂ ਹੋਇਆਂ ਧਰਮਿੰਦਰ ਮਸਾਣੀ ਨੇ ਕਿਹਾ ਕਿ ਮੇਰੀ ਸ਼ੁਰੂ ਤੋਂ ਹੀ ਪੰਜਾਬੀਅਤ ਦੇ ਮਸ਼ਹੂਰ ਜੁਝਾਰਬਾਦੀ ਕਵੀ ਬਾਬਾ ਨਜਮੀ ਜੀ ਨੂੰ ਮਿਲਣ ਦੀ ਤਮੰਨਾ ਸੀ ਜਿਨਾਂ ਦੇ ਨਾਲ ਹੁਣੇ-ਹੁਣੇ ਸਟੇਜ ਸਾਂਝੀ ਕਰਨ ਦਾ ਮੌਕਾ ਮਿਲਿਆ ਜਿਸ ਦਾ ਮੈਂ ਮਾਣ ਮਹਿਸੂਸ ਕਰਦਾ ਹਾਂ, ਉਨ੍ਹਾਂ ਇਹ ਵੀ ਕਿਹਾ ਕਿ ਮੈਂ ਗਦਰੀ ਬਾਬਿਆਂ ਤੇ ਭਗਤ ਸਰਾਭਿਆਂ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖਦੇ ਹੋਏ ਕਿਰਤੀ-ਕਾਮਿਆਂ ਦੀਆਂ ਤੰਗੀਆਂ ਤੁਰਸ਼ੀਆਂ ਤੇ ਲੋਕ-ਹਿਤਾਂ ਦੇ ਗੀਤਾਂ ਨੂੰ ਹੀ ਤਰਜੀਹ ਦਿੱਤੀ ਹੈ, ਪੈਸਾ ਨਹੀਂ ਦੇਖਿਆ। ਲਹਿੰਦੇ ਪੰਜਾਬ ਦੀ ਅਵਾਮ ਜੰਤਾ ਨੇ ਭਰਭੂਰ ਹੁੰਗਾਰਾ ਦਿੱਤਾ। ਸਰਬਜੀਤ ਮੰਗੂਵਾਲ ਦੇ ਦੱਸਿਆ ਕਿ ਉਨ੍ਹਾਂ ਨੇ ਸਾਡੇ ਬੱਚਿਆਂ ਦੇ ਖੇਡ ਕੈਰੀਅਰ ਦੀ ਗੱਲ ਕਰਦਿਆਂ ਵੱਡੇ ਪੁੱਤਰ ਸੰਨੀ ਵਲੋਂ ਨੈਸ਼ਨਲ ਪੱਧਰ ਦੇ ਮੈਚਾਂ ਵਿੱਚ ਜੋਰਦਾਰ ਸ਼ਾਟ ਲਗਾ ਕੇ ਕੀਤੇ ਗੋਲਾਂ ਤੇ ਨਾਪ ਤੋਲ ਕੇ ਆਪਣੀ ਟੀਮ ਦੇ ਖਿਡਾਰੀਆਂ ਨੂੰ ਢੁਕਵੀਂ ਥਾਂ ਤੇ ਬਾਲ-ਪਾਸ ਦੇਣ ਦੀ ਕਲਾ ਨੂੰ ਵੀ ਸਰਾਇਆ ਅਤੇ ਛੋਟੇ ਪੁੱਤਰ ਮਨੀ ਵਲੋਂ ਫੁਰਤੀ ਨਾਲ ਗੋਲ ਕਰਕੇ 2015-16 ਦੀ ਆਈ ਲੀਗ ਸੈਕਿੰਡ ਡਵੀਜ਼ਨ 'ਚ ਟੌਪ ਸਕੋਰਰ ਬਣਨ ਦਾ ਜਿਕਰ ਵੀ ਕੀਤਾ, ਛੋਟੀ ਬੇਟੀ ਮਮਤਾ ਨੇ ਐਮ ਪੀ ਐਡ ਕਰਦਿਆਂ ਹੋਇਆਂ ਐਥਲੈਟਿਕਸ ਦੇ ਨਾਲ-ਨਾਲ ਖਾਲਸਾ ਕਾਲਜ ਮਾਹਿਲਪੁਰ ਵਲੋਂ ਇੰਟਰ-ਕਾਲਜ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਣ ਦੀ ਗੱਲ ਵੀ ਕੀਤੀ ਅਤੇ ਵੱਡੀ ਬੇਟੀ ਜੋਤੀ ਵਲੋਂ ਜਰਮਨ ਦੇ ਬਰਲਿਨ ਸ਼ਹਿਰ ਵਿਖੇ 2023-24 ਦੀਆਂ ਸਪੈਸ਼ਲ ਉਲੰਪਿਕ ਖੇਡਾਂ ਦੀ ਉਪਨਿੰਗ-ਸੈਰੇਮਨੀ ਵਿੱਚ ਗੈਸਟ-ਖਿਡਾਰਨ ਵਜੋਂ ਇੰਡੀਆ ਦੀ ਨੁਮਾਇੰਦਗੀ ਕਰਨ ਦਾ ਜਿਕਰ ਕਰਦਿਆਂ ਸਾਰੇ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ। ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਇਸ ਮਾਣਮੱਤੀ ਪ੍ਰਾਪਤੀ ਤੇ ਸਾਰੇ ਇਲਾਕਾ ਨਿਵਾਸੀ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਲੋਕ ਅਤੇ ਸਾਡਾ ਸਾਰਾ ਪਰਿਵਾਰ ਬਹੁਤ ਫਖਰ ਮਹਿਸੂਸ ਕਰ ਰਿਹਾ ਹੈ। ਸਰਬਜੀਤ ਮੰਗੂਵਾਲ ਨੇ ਆਪਣੀ'ਫੁੱਟਬਾਲ ਦੇ ਅੰਗ-ਸੰਗ' ਪੁਸਤਕ ਵੀ ਉਨ੍ਹਾਂ ਨੂੰ ਗਿਫਟ ਕੀਤੀ। ਇਸ ਮੌਕੇ ਧਰਮਿੰਦਰ ਮਸਾਣੀ,ਨਿੰਤਨ ਮੁਕੰਦਪੁਰ, ਵਰਿੰਦਰ, ਮੈਡਮ ਸੁਨੀਤਾ ਸ਼ਰਮਾ ਅਤੇ ਸਰਬਜੀਤ ਮੰਗੂਵਾਲ ਸਾਰੇ ਹੀ ਸੰਸਾਰ ਦੀ ਸਾਂਝ ਦੇ ਸਤਿਕਾਰਤ ਸਿੰਬਲ ਓਲੰਪਿਕ ਲੋਗੋ ਦੇ ਨਾਲ ਤਸਵੀਰ ਖਿਚਵਾਉਣ ਸਮੇਂ ਮੌਜੂਦ ਹਨ।

# ਵਿਦਿਆਰਥੀਆਂ ਨੇ ਬੀਬੀਏ ਦੀ ਪ੍ਰੀਖਿਆ ਵਿੱਚ ਕੀਤਾ ਵਧੀਆ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com





ਲੁਧਿਆਣਾ (ਗੁਰਦੀਪ ਸਿੰਘ) ਦੇਵਕੀ ਦੇਵੀ ਜੈਨ ਮੈਮੋਰੀਅਲ ਕਾਲਜ ਦੇ ਵਿਦਿਆਰਥੀਆਂ ਨੇ ਬੀਬੀਏ ਪਹਿਲੇ ਸਮੈਸਟਰ ਦੀ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ, ਵੰਸ਼ਿਕਾ ਨੇ 8.25 ਐਸਜੀਪੀਏ ਨਾਲ ਯੂਨੀਵਰਸਿਟੀ ਵਿੱਚ 5ਵਾਂ ਅਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਗੁਰਲੀਨ ਕੌਰ ਨੇ 7.83 ਐਸਜੀਪੀਏ ਨਾਲ ਯੂਨੀਵਰਸਿਟੀ ਵਿੱਚ 15ਵਾਂ ਅਤੇ ਕਾਲਜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਇਸ਼ਪ੍ਰੀਤ ਕੌਰ ਨੇ 7.63 ਐਸਜੀਪੀਏ ਨਾਲ ਯੂਨੀਵਰਸਿਟੀ ਵਿੱਚ 20ਵਾਂ ਅਤੇ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸ੍ਰੀ ਨੰਦ ਕੁਮਾਰ ਜੈਨ (ਚੇਅਰਮੈਨ) ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਯਤਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਕਾਲਜ ਪ੍ਰਿੰਸੀਪਲ ਸਰਿਤਾ ਬਹਿਲ ਨੇ ਵਿਦਿਆਰਥੀਆਂ ਨੂੰ ਵਚਨਬੱਧ ਰਹਿਣ ਅਤੇ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਸੁਖਦੇਵ ਰਾਜ ਜੈਨ, ਸ੍ਰੀ ਵਿਪਨ ਕੁਮਾਰ ਜੈਨ (ਸੀਨੀਅਰ ਉਪ ਪ੍ਰਧਾਨ), ਸ੍ਰੀ ਬਾਂਕਾ ਬਿਹਾਰੀ ਲਾਲ ਜੈਨ (ਉਪ ਪ੍ਰਧਾਨ), ਸ੍ਰੀ ਰਾਜੀਵ ਜੈਨ (ਜਨਰਲ ਸਕੱਤਰ), ਸ੍ਰੀ ਰਾਕੇਸ਼ ਕੁਮਾਰ ਜੈਨ (ਸਕੱਤਰ), ਸ੍ਰੀ ਰਾਜ ਕੁਮਾਰ ਗੁਪਤਾ (ਮੈਨੇਜਰ) ਅਤੇ ਸ੍ਰੀ ਅਸ਼ੋਕ ਕੁਮਾਰ ਜੈਨ (ਕੈਸ਼ੀਅਰ) ਨੇ ਸ੍ਰੀਮਤੀ ਸੀਮਾ ਸੇਠੀ (ਐਚਓਡੀ ਕਾਮਰਸ ਐਂਡ ਮੈਨੇਜਮੈਂਟ) ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਇਹ ਜਾਣਕਾਰੀ ਡਾ. (ਸ੍ਰੀਮਤੀ) ਸਰਿਤਾ ਬਹਿਲ (ਪ੍ਰਿੰਸੀਪਲ) ਨੇ ਦਿੱਤੀ।

# ਗਰੀਬ ਲੋਕਾਂ ਦੇ ਹੱਕਾਂ ਅਧਿਕਾਰਾਂ ਦੀ ਖਾਤਿਰ ਆਖਰੀ ਸਾਹ ਤੱਕ ਸੰਘਰਸ਼ ਕਰਦਾ ਰਹਾਂਗਾ : ਖੋਸਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 28 ਮਈ ( ਤਰਸੇਮ ਦੀਵਾਨਾ ) ਡੈਮੋਕਰੇਟਿਕ ਭਾਰਤੀਯ ਲੋਕ ਦਲ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਧਿਕਾਰ ਰੈਲੀ ਪੁਡਾ ਗਰਾਉਂਡ ਸਾਹਮਣੇ ਡਿਪਟੀ ਕਮਿਸ਼ਨਰ ਦਫਤਰ ਜਲੰਧਰ ਵਿਖੇ ਕੀਤੀ ਗਈ। ਇਸ ਰੈਲੀ ਨੂੰ ਡੈਮੋਕਰੇਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਆਪਣਾ ਪੂਰਾ ਜੀਵਨ ਗਰੀਬ ਲੋਕਾਂ ਦੇ ਹੱਕਾਂ ਅਧਿਕਾਰਾਂ ਤੇ ਉਨ੍ਹਾਂ ਨੂੰ ਮਾਣ ਸਨਮਾਨ ਦਿਵਾਉਣ ਲਈ ਨਿਸ਼ਾਵਰ ਕਰ ਦਿੱਤਾ। ਪਰ ਅਫਸੋਸ ਹੈ ਕਿ ਅੱਜ ਦੀਆਂ ਮੌਜੂਦਾ ਸਰਕਾਰਾਂ ਨੇ ਗਰੀਬ ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਹੋਇਆ ਹੈ। ਗੁਰਮੁਖ ਸਿੰਘ ਖੋਸਲਾ ਨੇ ਦੇਸ਼ ਅੰਦਰ ਦਿਨ ਪ੍ਰਤੀ ਦਿਨ ਵੱਧ ਰਹੀ ਮਹਿੰਗਾਈ ਅਤੇ ਘਟੀਆ ਸਿਸਟਮ ਨੂੰ ਮੱਦੇ ਨਜ਼ਰ ਰੱਖਦੇ ਹੋਏ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਮ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਗਰੀਬ ਲੋਕਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਸੌਂਪਿਆ ਗਿਆ। ਉਹਨਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਮੰਗ ਕਰਦੇ ਹੋਏ ਕਿਹਾ ਕਿ

1. ਪੇਂਡੂ ਸਫਾਈ ਮਜ਼ਦੂਰਾਂ ਦਾ 2012 ਤੋਂ ਬੰਦ ਕੀਤਾ ਹੋਇਆ ਮਾਣ ਭੱਤਾ ਲਾਗੂ ਕੀਤਾ ਜਾਵੇ ਅਤੇ 2012 ਤੋਂ ਲੈ ਕੇ 2025 ਤੱਕ ਦੇ ਮਾਣ ਭੱਤੇ ਦੇ ਪੈਸੇ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿੱਚ ਪਾਏ ਜਾਣ ਪੇਂਡੂ ਸਫਾਈ ਮਜ਼ਦੂਰਾਂ ਨੂੰ ਸਰਕਾਰ ਪੱਕੀ ਨੌਕਰੀ ਦੇਵੇ ਮਜ਼ਦੂਰਾਂ ਦਾ ਜੀਵਨ ਬੀਮਾ ਵੀ ਪਹਿਲ ਦੇ ਅਧਾਰ ਤੇ ਕਰਾਇਆ ਜਾਵੇ।

2. ਨਗਰ ਪੰਚਾਇਤ, ਨਗਰ ਕੌਂਸਲ, ਨਗਰ ਨਿਗਮ ਅਤੇ ਸਰਕਾਰ ਦੇ ਹੋਰ ਅਦਾਰਿਆਂ ਵਿੱਚ ਠੇਕੇਦਾਰੀ ਸਿਸਟਮ ਨੂੰ ਮੁਕੰਮਲ ਤੌਰ ਤੇ ਬੰਦ ਕੀਤਾ ਜਾਵੇ ਕੱਚੇ ਸਫਾਈ ਮਜ਼ਦੂਰਾਂ ਨੂੰ ਪੱਕਾ ਕੀਤਾ ਜਾਵੇ ਸਫਾਈ ਮਜ਼ਦੂਰਾਂ ਦਾ ਪ੍ਰੋਵੀਜ਼ਨਲ ਪੀਰੀਅਡ 10 ਸਾਲ ਤੋਂ ਘਟਾ ਕੇ ਤਿੰਨ ਸਾਲ ਤੱਕ ਦਾ ਕੀਤਾ ਜਾਵੇ ਕੱਚੇ ਸਫਾਈ ਮਜ਼ਦੂਰਾਂ ਦਾ ਜੀਵਨ ਬੀਮਾ ਕਰਵਾਇਆ ਜਾਵੇ ਜੇਕਰ ਕੱਚੇ ਸਫਾਈ ਮਜ਼ਦੂਰ ਦੀ ਡਿਊਟੀ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਮੈਂਬਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ।

3. ਮਨਰੇਗਾ ਮਜ਼ਦੂਰਾਂ ਨੂੰ 365 ਦਿਨ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਮਜ਼ਦੂਰ ਦੀ ਦਿਹਾੜੀ ਪ੍ਰਤੀ ਦਿਨ 800 ਰੁਪਏ ਕੀਤੀ ਜਾਵੇ ਮਨਰੇਗਾ ਮਜ਼ਦੂਰਾਂ ਦਾ ਕੇਂਦਰ ਸਰਕਾਰ ਪਹਿਲ ਦੇ ਅਧਾਰ ਤੇ ਜੀਵਨ ਬੀਮਾ ਕਰਵਾਵੇ।

4. ਵਾਲਮੀਕਿ ਮਜ਼ਬੀ ਸਿੱਖ ਸਮਾਜ ਦਾ ਸਾਢੇ 12% ਐਸ.ਸੀ ਕੋਟਾ ਦੇਸ਼ ਦੇ ਸਾਰੇ ਸੂਬਿਆਂ ਵਿੱਚ ਲਾਗੂ ਕੀਤਾ ਜਾਵੇ।

5. ਐਜੂਕੇਸ਼ਨ ਐਕਟ 2009 ਦੇ ਤਹਿਤ ਪ੍ਰਾਈਵੇਟ ਸਕੂਲਾਂ ਵਿੱਚ 25 ਪ੍ਰਤੀਸ਼ਤ ਸੀਟਾਂ ਗਰੀਬ ਬੱਚਿਆਂ ਲਈ ਰਾਖਵੀਆਂ ਸੀਟਾਂ ਨੂੰ ਸਖਤੀ ਨਾਲ ਲਾਗੂ ਕਰਵਾਇਆ ਜਾਵੇ।

6. ਪ੍ਰਧਾਨ ਮੰਤਰੀ ਯੋਜਨਾ ਤਹਿਤ ਗਰੀਬ ਲੋਕਾਂ ਨੂੰ ਪੰਜ ਪੰਜ ਮਰਲੇ ਵਿੱਚ ਰਿਹਾਇਸ਼ੀ ਮਕਾਨ ਬਣਾ ਕੇ ਦਿੱਤੇ ਜਾਣ।

7. ਮਹਾਰਿਸ਼ੀ ਨਵਲ ਜੀ ਮਹਾਰਾਜ ਜੋਧਪੁਰ ਵਾਲਿਆਂ ਦੇ ਜਨਮ ਦਿਹਾੜੇ ਦੀ ਛੁੱਟੀ ਪੂਰੇ ਦੇਸ਼ ਵਿੱਚ ਲਾਗੂ ਕੀਤੀ ਜਾਵੇ।

8. ਲੈਂਡ ਸੀਲਿੰਗ ਐਕਟ ਦੇਸ਼ ਵਿਚ ਸਖਤੀ ਨਾਲ ਲਾਗੂ ਕੀਤਾ ਜਾਵੇ।

9. ਬੁੱਢਾਪਾ ਤੇ ਵਿਧਵਾ ਪੈਨਸ਼ਨ 3000 ਪ੍ਰਤੀ ਮਹੀਨਾ ਕੀਤੀ ਜਾਵੇ ਅਤੇ ਬੁੱਢੇਪਾ ਪੈਨਸ਼ਨ ਦੀ ਉਮਰ ਹੱਦ 58 ਸਾਲ ਕੀਤੀ ਜਾਵੇ।

10. ਬੇਜ਼ਮੀਨੇ ਮਜ਼ਦੂਰਾਂ ਨੂੰ ਕੋਆਪਰੇਟਿਵ ਸੁਸਾਇਟੀਆਂ ਦੇ ਮੈਂਬਰ ਬਣਾਇਆ ਜਾਵੇ ਅਤੇ ਕਾਰੋਬਾਰ ਚਲਾਉਣ ਲਈ ਆਸਾਨ ਕਿਸ਼ਤਾਂ ਤੇ ਕਰਜ਼ਾ ਦਿੱਤਾ ਜਾਵੇ। ਗੁਰਮੁਖ ਸਿੰਘ ਖੋਸਲਾ ਨੇ ਕਿਹਾ ਕਿ ਮੈਂ ਗਰੀਬ ਲੋਕਾਂ ਦੇ ਹੱਕਾਂ ਅਧਿਕਾਰਾਂ ਦੀ ਖਾਤਰ ਆਖਰੀ ਸਾਹ ਤੱਕ ਸੰਘਰਸ਼ ਕਰਦਾ ਰਹਾਂਗਾ। ਇਸ ਮੌਕੇ ਡੈਮੋਕਰੇਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਚੇਅਰਮੈਨ ਪ੍ਰੇਮ ਸਾਰਸਰ ਨੇ ਕਿਹਾ ਕਿ ਦੇਸ਼ ਦੀਆਂ ਹੁਕਮਰਾਨ ਸਰਕਾਰਾਂ ਨੇ ਹਮੇਸ਼ਾ ਹੀ ਗਰੀਬ ਲੋਕਾਂ ਦੇ ਹੱਕਾਂ ਦੇ ਡਾਕਾ ਮਾਰਿਆ ਹੈ ਅਤੇ ਲਾਭ ਆਪਣੇ ਕੁੱਝ ਕੁ ਲੋਕਾਂ ਤੱਕ ਪਹੁੰਚਾਇਆ ਹੈ ਉਹਨਾਂ ਨੇ ਕਿਹਾ ਕਿ ਗਰੀਬ ਲੋਕਾਂ ਦੀਆਂ ਹੱਕੀ ਮੰਗਾਂ ਨੂੰ ਨਾ ਮੰਨਿਆ ਗਿਆ ਤਾਂ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਪੰਜਾਬ ਦੇ ਵੱਖ ਵੱਖ ਜਿਲਿਆਂ ਤੋਂ ਆਏ ਹੋਏ ਪਾਰਟੀ ਦੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਗਤ ਰਾਮ ਕਾਲਿਆਣ ਰਾਸ਼ਟਰੀ ਸਕੱਤਰ, ਲਖਵਿੰਦਰ ਸਿੰਘ ਧਰਮ ਕੋਟ ਪ੍ਰਧਾਨ ਪੰਜਾਬ,ਰਣਜੀਤ ਰਾਣਾ ਚੇਅਰਮੈਨ ਪੰਜਾਬ, ਹਰਬਿੰਦਰ ਮਾਨ ਉਪ ਪ੍ਰਧਾਨ ਪੰਜਾਬ,ਨਿਰਮਲ ਸਿੰਘ ਭੇਖੇ ਪ੍ਰਧਾਨ ਮਨਰੇਗਾ ਯੂਨੀਅਨ ਪੰਜਾਬ, ਪ੍ਰਵੀਨ ਕਲੋਸਿਆ ਉਪ ਪ੍ਰਧਾਨ ਸਫਾਈ ਮਜ਼ਦੂਰ ਵਿੰਗ ਪੰਜਾਬ, ਮੰਨਜੀਤ ਮਾਨ ਪ੍ਰਧਾਨ ਮਹਿਲਾ ਵਿੰਗ ਪੰਜਾਬ, ਨੀਲਮ ਗਿੱਲ ਜਨਰਲ ਸਕੱਤਰ ਮਹਿਲਾ ਵਿੰਗ ਪੰਜਾਬ, ਰਣਜੀਤ ਸਿੰਘ ਜੈਮਲ ਵਾਲਾ ਜਨਰਲ ਸਕੱਤਰ ਪੰਜਾਬ, ਗੁਰਪ੍ਰੀਤ ਸਿੰਘ ਸਕੱਤਰ ਪੰਜਾਬ, ਮੰਨਜੀਤ ਸਾਰਸਰ ਮੈਂਬਰ ਬੌਡੀ ਪੰਜਾਬ, ਬਲਬਿੰਦਰ ਸਿੰਘ ਇੰਚਾਰਜ ਮਾਲਵਾ ਜ਼ੋਨ,ਪੱਤਰਾਮ ਪ੍ਰਧਾਨ ਯੂਥ ਵਿੰਗ ਜਿਲ੍ਹਾ ਜਲੰਧਰ, ਬੀਰੂ ਨਾਥ ਪ੍ਰਧਾਨ ਜਿਲ੍ਹਾ ਅੰਮ੍ਰਿਤਸਰ, ਮਹਿੰਦਰ ਸਿੰਘ ਭਾਮ ਪ੍ਰਧਾਨ ਜਿਲ੍ਹਾ ਹੋਸ਼ਿਆਰਪੁਰ, ਰਘਵੀਰ ਸਾਰਵਾਨ ਪ੍ਰਧਾਨ ਹਲਕਾ ਚੱਬੇਵਾਲ,ਸ਼੍ਰੀ ਚੰਦ ਪ੍ਰਧਾਨ ਹਲਕਾ ਸ਼ਾਮ ਚੁਰਾਸੀ,ਲਵਪ੍ਰੀਤ ਸਿੰਘ ਅਠੋਲਾ ਪ੍ਰਧਾਨ ਵਿਧਾਨ ਸਭਾ ਹਲਕਾ ਕਰਤਾਰ ਪੁਰ, ਦਰਸ਼ਨ ਸਿੰਘ ਕੇਟਲਾ ਪ੍ਰਧਾਨ ਤਹਿਸੀਲ ਮੋਗਾ,ਅਕਾਸ਼ ਸਰਾਏ, ਸਨੀ, ਸ਼ੇਰਬ, ਹਰਮੇਸ਼ ਕੁਮਾਰ, ਰਾਣਾ ਮਹਿਤ ਪੁਰ, ਸੁਲੱਖਣ ਸਿੰਘ ਥੀਗਲੀ, ਵਿਕਰਮਜੀਤ ਥੀਗਲੀ ਆਦਿ ਸਾਥੀ ਮੌਜੂਦ ਸਨ

# ਜ਼ਿਲ੍ਹੇ ਦੇ 10ਵੀਂ ਤੇ 12ਵੀਂ ਦੇ ਟਾਪਰ ਵਿਦਿਆਰਥੀਆਂ ਨੇ ਸਾਰਾ ਦਿਨ ਡੀਸੀ ਤੇ ਐਸਐਸਪੀ ਨਾਲ ਬਿਤਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਬਠਿੰਡਾ, 28 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੁ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਥੇ ਸਥਾਨਕ ਲੋਕ ਵਿਉ ਗੈਸਟ ਹਾਉਸ ਵਿਖੇ ਪਹੁੰਚਣ ‘ਤੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ, ਡੀਆਈਜੀ ਬਠਿੰਡਾ ਰੇਜ ਹਰਜੀਤ ਸਿੰਘ, ਐਸਐਸਪੀ ਮੈਡਮ ਅਮਨੀਤ ਕੌਂਡਲ ਅਤੇ ਜ਼ਿਲ੍ਹੇ ਦੇ 10ਵੀਂ ਅਤੇ 12ਵੀਂ ਜਮਾਤ ਦੇ 12 ਟਾਪਰ ਵਿਦਿਆਰਥੀਆਂ ਨੇ ਭਰਵਾ ਸਵਾਗਤ ਕੀਤਾ। ਇਸ ਦੌਰਾਨ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਨੇ ਜਿੱਥੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਭਵਿੱਖੀ ਜੀਵਨ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਉੱਥੇ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਵੀ ਕੀਤਾ।ਇਸ ਤੋਂ ਪਹਿਲਾਂ ‘ਇਕ ਦਿਨ ਡੀ.ਸੀ/ਐਸ.ਐਸ.ਪੀ. ਦੇ ਨਾਲ’ ਪ੍ਰੋਗਰਾਮ ਤਹਿਤ ਅੱਜ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ‘ਚ ਮੋਹਰੀ ਸਥਾਨ ਹਾਸਿਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਤੇ ਐਸ.ਐਸ. ਪੀ. ਮੈਡਮ ਅਮਨੀਤ ਕੌਂਡਲ ਨਾਲ ਸਵੇਰ ਦਾ ਨਾਸ਼ਤਾ ਕੀਤਾ। ਇਸ ਦੌਰਾਨ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਦੇ ਕੇ ਉਨ੍ਹਾਂ ਦੀ ਜਗਿਆਸਾ ਸ਼ਾਂਤ ਕੀਤੀ। ਉਨ੍ਹਾਂ ਆਪਣਾ ਇਥੋਂ ਤੱਕ ਪਹੁੰਚਣ ਦਾ ਸਫ਼ਰ ਵੀ ਸਾਂਝਾ ਕੀਤਾ। ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ ਇੱਕ-ਇੱਕ ਪ੍ਰੇਰਨਦਾਇਕ ਕਿਤਾਬ ਅਤੇ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਵਲੋਂ ਪੂਰੇ ਦਿਨ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਦੀ ਕਾਰਜ ਪ੍ਰਣਾਲੀ ਤੋਂ ਇਲਾਵਾ ਦਫਤਰੀ ਕੰਮ-ਕਾਜ਼ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਅਨੋਖੀ ਪਹਿਲਕਦਮੀ ਦਾ ਉਦੇਸ਼ ਨਾ ਕੇਵਲ ਹੋਣਹਾਰ ਵਿਦਿਆਰਥਣਾਂ ਨੂੰ ਸਨਮਾਨਿਤ ਕਰਨਾ ਸੀ, ਸਗੋਂ ਉਨ੍ਹਾਂ ਨੂੰ ਪ੍ਰਸ਼ਾਸਨਿਕ ਅਨੁਭਵ, ਲੀਡਰਸ਼ਿਪ ਅਤੇ ਪੁਲਿਸ ਸੇਵਾ ਦੀਆਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਉਣਾ ਵੀ ਸੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਨਾ ਕੇਵਲ ਸਿਵਲ ਪ੍ਰਸ਼ਾਸਨ ਦੇ ਕੰਮਕਾਜ਼ ਤੋਂ ਜਾਣੂ ਕਰਵਾਇਆ ਗਿਆ ਸਗੋਂ ਉਨ੍ਹਾਂ ‘ਚ ਲੀਡਰਸ਼ਿਪ, ਅਨੁਸ਼ਾਸਨ ਤੇ ਲੋਕ ਸੇਵਾ ਦੀ ਭਾਵਨਾ ਵੀ ਭਰੀ। ਉਨ੍ਹਾਂ ਕਿਹਾ ਕਿ ‘ਇਕ ਦਿਨ ਡੀ.ਸੀ/ ਐਸ.ਐਸ.ਪੀ. ਦੇ ਨਾਲ’ ਵਰਗੇ ਉਪਰਾਲੇ ਵਿਦਿਆਰਥੀਆਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਇਕ ਮੀਲ ਪੱਥਰ ਸਾਬਤ ਹੋ ਸਕਦੇ ਹਨ।ਇਸ ਦੌਰਾਨ ਐਸ.ਐਸ. ਪੀ. ਮੈਡਮ ਅਮਨੀਤ ਕੌਂਡਲ ਨੇ ਵਿਦਿਆਰਥੀਆਂ ਨਾਲ ਜਾਣ-ਪਛਾਣ ਸੈਸ਼ਨ ਵਿਚ ਹਿੱਸਾ ਲਿਆ ਤੇ ਆਪਣੀ ਰੋਜ਼ਾਨਾ ਅਨੁਸ਼ਾਸਿਤ ਜੀਵਨ ਸ਼ੈਲੀ ਬਾਰੇ ਦੱਸਿਆ। ਇਸ ਮੌਕੇ ਵਿਦਿਆਰਥੀਆਂ ਤੇ ਐਸ.ਐਸ. ਪੀ. ਵਿਚਕਾਰ ਇਕ ਖੁੱਲ੍ਹਾ ਸੰਵਾਦ ਸੈਸ਼ਨ ਹੋਇਆ, ਜਿਸ ਵਿਚ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਐਸ.ਐਸ.ਪੀ. ਤੋਂ ਪ੍ਰੇਰਨਾਦਾਇਕ ਵਿਚਾਰ ਸੁਣੇ। ਇਸ ਦੌਰਾਨ ਐਸ.ਐਸ.ਪੀ. ਮੈਡਮ ਅਮਨੀਤ ਕੌਂਡਲ ਨੇ ਉਨ੍ਹਾਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਉਹਨਾਂ ਦੇ ਜੀਵਨ ਦਾ ਇਕ ਵਿਲੱਖਣ ਮੌਕਾ ਸੀ ਜਿਸ ਨੇ ਉਨ੍ਹਾਂ ਨੂੰ ਪੰਜਾਬ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੀ ਪ੍ਰਕਿਰਿਆ, ਲੀਡਰਸ਼ਿਪ ਤੇ ਜਨਤਕ ਸੇਵਾਵਾਂ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਮੌਕਾ ਦਿੱਤਾ। ਉਨ੍ਹਾਂ ਨੇ ਇਸ ਅਨੁਭਵ ਨੂੰ ਅਭੁੱਲ ਅਤੇ ਪ੍ਰੇਰਨਾਦਾਇਕ ਦੱਸਿਆ ਅਤੇ ਕਿਹਾ ਕਿ ਇਹ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰਨ ਵਿਚ ਮਦਦ ਕਰੇਗਾ। ਬੱਚਿਆਂ ਦੇ ਮਾਪਿਆਂ ਨੇ ਵੀ ਇਸ ਨੂੰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਇਕ ਪ੍ਰੇਰਨਾਦਾਇਕ ਕਦਮ ਕਿਹਾ।

# ਐੱਸ.ਯੂ.ਐੱਸ ਸੀਨੀ. ਸੈਕੰ. ਸਕੂਲ ਮਹਿਲਾਂ ਵਿਖੇ ਖੇਡ ਮੁਕਾਬਲੇ ਕਰਵਾਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਮਹਿਲਾ ਚੌਂਕ,28 ਮਈ (ਜਗਸੀਰ ਲੌਂਗੋਵਾਲ)- ਐੱਸ.ਯੂ.ਐੱਸ ਸੀਨੀ. ਸੈਕੰ. ਸਕੂਲ ਮਹਿਲਾਂ ਚੌਂਕ ਵਿਖੇ ਅੱਜ ਕ੍ਰਿਕਟ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਅਜੀਤ ਤੇ ਜੁਝਾਰ ਅਤੇ ਜੋਰਾਵਰ ਅਤੇ ਫਤਿਹ ਹਾਊਸ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਮੈਚ ਤੋਂ ਪਹਿਲਾਂ ਦੋਵਾਂ ਟੀਮਾਂ ਨੂੰ ਪ੍ਰਿੰਸੀਪਲ ਸੰਦੀਪ ਅਤੇ ਸਮੂਹ ਸਟਾਫ ਵਲੋਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਅਜੀਤ ਤੇ ਜੁਝਾਰ ਟੀਮ ਨੇ ਟਾਸ ਜਿੱਤ ਕੇ ਪਹਿਲਾ ਬੱਲੇਬਾਜੀ ਕਰਨ ਦਾ ਫੈਸਲਾ ਕੀਤਾ। ਪਹਿਲਾ ਬੱਲੇਬਾਜੀ ਕਰਦੇ ਹੋਏ ਟੀਮ ਅਜੀਤ ਤੇ ਜੁਝਾਰ ਨੇ 6 ਓਵਰਾਂ ਵਿੱਚ 165 ਦੌੜਾਂ ਬਣਾਈਆਂ। ਜਿਸ ਦਾ ਜਵਾਬ ਦਿੰਦੇ ਹੋਏ ਦੂਸਰੀ ਟੀਮ ਜੋਰਾਵਰ ਅਤੇ ਫਤਿਹ ਨੇ 6 ਓਵਰਾਂ ਵਿੱਚ 111 ਦੌੜਾਂ ਬਣਾਈਆਂ। ਫਾਈਨਲ ਨਤੀਜੇ ਅਨੁਸਾਰ ਹਾਊਸ ਅਜੀਤ ਤੇ ਜੁਝਾਰ ਦੀ ਟੀਮ ਨੂੰ ਜੇਤੂ ਘੋਸ਼ਿਤ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀ ਸੰਦੀਪ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਦੇ ਨਾਲ-ਨਾਲ ਆਪਣੇ ਸਰਵਪੱਖੀ ਵਿਕਾਸ ਵੱਲ ਵੀ ਧਿਆਨ ਦੇਣ ਲਈ ਕਿਹਾ। ਖੇਡਾਂ ਵਿਦਿਆਰਥੀਆਂ ਦਾ ਸਿਰਫ ਸਰੀਰਕ ਵਿਕਾਸ ਹੀ ਨਹੀਂ ਸਗੋਂ ਮਾਨਸਿਕ, ਬੌਧਿਕ ਅਤੇ ਵਿਅਕਤੀਗਤ ਵਿਕਾਸ ਵਿੱਚ ਵੀ ਸਹਾਇਕ ਹੁੰਦੀਆਂ ਹਨ। ਸਕੂਲ ਮੈਨੇਜਮੈਂਟ ਵੱਲੋਂ ਇਹ ਯਕੀਨ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਜੋੜਿਆ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਸਮਾਜ ਵਿਚ ਚੰਗੇ ਨਾਗਰਿਕ ਦੇ ਤੌਰ ਤੇ ਪ੍ਰਕਾਸ਼ ਮਾਨ ਕੀਤਾ ਜਾ ਸਕੇ।

# ਬੀ.ਐਡ. ਸਮੈਸਟਰ ਤੀਸਰਾ ਦਾ ਨਤੀਜਾ ਰਿਹਾ ਸ਼ਾਨਦਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com

ਮਹਿਲਾਂ ਚੌਂਕ, 28 ਮਈ (ਜਗਸੀਰ ਲੌਂਗੋਵਾਲ)- ਸ਼ਹੀਦ ਉਧਮ ਸਿੰਘ ਕਾਲਜ ਆਫ਼ ਐਜੂਕੇਸ਼ਨ ਮਹਿਲਾਂ ਚੌਂਕ, ਦੇ ਬੀ.ਐਡ. ਸੈਸ਼ਨ (2023-25) ਸਾਲ ਦੂਜਾ ਸਮੈਸਟਰ ਤੀਸਰਾ ਦਾ ਨਤੀਜਾ 100 ਫੀਸਦੀ ਰਿਹਾ । ਪਹਿਲਾ ਸਥਾਨ ਵਿਦਿਆਰਥਣ ਸੁਖਪ੍ਰੀਤ ਕੌਰ ਨੇ 285 (95%), ਵੀਰਪਾਲ ਕੌਰ 285 (95%), ਗੁਰਦੀਪ ਕੌਰ 285 (95%) ਅੰਕਾਂ ਨਾਲ ਹਾਸਿਲ ਕੀਤਾ ਅਤੇ ਦੂਸਰਾ ਸਥਾਨ ਵਿਦਿਆਰਥਣ ਰੁਪਿੰਦਰ ਕੌਰ 284 (94.6%) ਅਤੇ ਤੀਸਰਾ ਸਥਾਨ ਗੁਰਵੀਰ ਕੌਰ 283 (94%), ਊਸ਼ਾ ਰਾਣੀ 283 (94%), ਅੰਕਾਂ ਨਾਲ ਹਾਸਿਲ ਕੀਤਾ। ਐਜੂਕੇਸ਼ਨ ਵਿਭਾਗ ਦੇ ਸ਼ਾਨਦਾਰ ਨਤੀਜੇ ਤੇ ਕਾਲਜ ਚੇਅਰਮੈਨ ਸ. ਰਾਓਵਿੰਦਰ ਸਿੰਘ ਅਤੇ ਵਾਈਸ ਚੇਅਰਮੈਨ ਸ. ਕੌਰ ਸਿੰਘ ਦੁੱਲਟ ਨੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਪ੍ਰਿੰਸੀਪਲ ਡਾ. ਕੁਲਵੰਤ ਕੌਰ ਜੀ ਨੇ ਕਲਾਸ ਇੰਚਾਰਜ ਅਸਿਸ. ਪ੍ਰੋ. ਡਾ. ਰਾਜਵਿੰਦਰ ਸਿੰਘ ਅਤੇ ਪ੍ਰੋ. ਤਰਨਜੀਤ ਕੌਰ ਜੀ ਨੂੰ ਵੀ ਵਧਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਚੰਗੀ ਕਾਰਗੁਜ਼ਾਰੀ ਲਈ ਉਤਸ਼ਾਹਿਤ ਕੀਤਾ।

# ਪ੍ਰਭਬੀਰ ਸਿੰਘ ਬਰਾੜ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਹਾਜ਼ਰੀ ’ਚ ਪਨਸਪ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com

ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਨੂੰ ਅੱਜ ਪ੍ਰਭਬੀਰ ਸਿੰਘ ਬਰਾੜ ਦੇ ਰੂਪ ਵਿੱਚ ਨਵਾਂ ਚੇਅਰਮੈਨ ਮਿਲਿਆ ਹੈ ,ਜਿਨ੍ਹਾਂ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਮੌਜੂਦਗੀ ਵਿੱਚ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਨਵੇਂ ਚੇਅਰਮੈਨ ਪ੍ਰਭਬੀਰ ਸਿੰਘ ਬਰਾੜ ਨੇ ਇਹ ਜ਼ਿੰਮੇਵਾਰੀ ਸੌਂਪਣ ਲਈ ‘ਆਪ’ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ‘ਤੇ ਜਤਾਏ ਗਏ ਇਸ ਵਿਸ਼ਵਾਸ ‘ਤੇ ਖਰਾ ਉਤਰਨ ਦਾ ਪ੍ਰਣ ਲਿਆ

# ਥਾਣਾ ਮੇਹਟੀਆਣਾ ਦੀ ਪੁਲਿਸ ਨੇ ਨਸ਼ਾ ਪੀਣ ਵਾਲੇ ਵਿਅਕਤੀ ਨੂੰ ਕੀਤਾ ਕਾਬੂ !

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 28 ਮਈ ( ਤਰਸੇਮ ਦੀਵਾਨਾ ) ਸੰਦੀਪ ਮਲਿਕ ਆਈ.ਪੀ. ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਮੁਕੇਸ਼ ਕੁਮਾਰ ਪੀ.ਪੀ.ਐਸ, ਪੁਲਿਸ ਕਪਤਾਨ ਤਫਤੀਸ਼ ਦੀ ਰਹਿਨੁਮਾਈ ਹੇਠ ਨਸ਼ੇ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਮੁਹਿੰਮ ਸੁਰੂ ਕੀਤੀ ਗਈ ਹੈ ।

ਮੁਹਿੰਮ ਤਹਿਤ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ. ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ



ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਦੱਸਿਆ ਕਿ

ਏ ਐਸ ਆਈ ਸਤਨਾਮ ਸਿੰਘ,ਸਾਥੀ ਪੁਲਿਸ ਕਰਮਚਾਰੀਆਂ

ਨਾਲ ਪਿੰਡ ਅਹਿਰਣਾ ਕਲਾਂ ਮੇਨ ਸੜਕ ਇੱਟਾ ਵਾਲੇ ਭੱਠੇ ਤੋਂ ਥੋੜਾ ਪਿਛੇ ਹਿ ਸੀ ਤਾਂ ਇਕ ਨੋਜਵਾਨ ਸਿਲਵਰ ਵਰਕ ਦੀ ਬਣੀ ਪੰਨੀ ਦੇ ਹੇਠਾਂ ਲਾਇਟਰ ਲਗਾ ਕੇ ਨਾਲ ਅੱਗ ਬਾਲ ਕੇ 20 ਰੁਪਏ ਦੇ ਨੋਟ ਨੂੰ ਪਾਇਪ ਬਣਾ ਕੇ ਵਰਕ ਵਿਚੋਂ ਉਡ ਰਹੇ ਧੁਏ ਨੂੰ ਆਪਣੇ ਅੰਦਰ ਖਿਚ ਰਿਹਾ ਸੀ ਜਿਸ ਨੂੰ ਕਾਬੂ ਕੀਤਾ ਅਤੇ ਮੌਕੇ ਤੇ

ਏ ਐਸ ਆਈ ਗੁਲਸ਼ਨ ਕੁਮਾਰ, ਏ ਐਸ ਆਈ ਉਂਕਾਰ ਸਿੰਘ ਨੇ ਕਾਬੂ ਕੀਤੇ ਨੋਜਵਾਨ ਦਾ ਨਾਮ,ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਸਰਬਜੀਤ ਸਿੰਘ ਉਰਫ ਸਾਬੀ ਪੁਤਰ ਗਿਆਨ ਸਿੰਘ ਦੱਸਿਆ ਪੁਲਿਸ ਵਲੋਂ ਉਸਦੀ ਤਲਾਸ਼ੀ ਲੈਣ ਤੇ ਕਥਿਤ ਦੋਸੀ ਸਰਬਜੀਤ ਸਿੰਘ ਪਾਸੋ ਨਸ਼ਾ ਕਰਨ ਵਾਲੀ ਸਮੱਗਰੀ ਇੱਕ ਸਿਲਵਰ ਵਰਕ ਦੀ ਬਣੀ ਹੋਈ ਇੱਕ ਪੰਨੀ ਜਿਸ ਤੇ ਨਸ਼ੀਲਾ ਪਦਾਰਥ ਲੱਗਾ ਹੋਇਆ,ਇੱਕ ਲਾਈਟਰ ਅਤੇ ਇੱਕ 20 ਰੁਪਏ ਦਾ ਨੋਟ ਬਰਾਮਦ ਕਰਨ ਤੇ ਬਾਅਦ ਉਕਤ ਵਿਅਕਤੀ ਤੇ ਥਾਣਾ ਮੇਹਟੀਆਣਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਉਹਨਾਂ ਦੱਸਿਆ ਕਿ ਕਥਿਤ ਦੋਸੀ ਪਾਸੋਂ ਹੋਰ ਪੁਛਗਿਛ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਉਕਤ ਵਿਅਕਤੀ ਨੂੰ ਇਲਾਜ ਲਈ ਨਸ਼ਾ ਛੁਡਾਉ ਕੇਂਦਰ ਵਿਚ ਦਾਖਲ ਕਰਵਾਇਆ ਜਾਵੇਗਾ।

# ਤਰਕਸ਼ੀਲ ਭਵਨ ਬਰਨਾਲਾ ਵਿਖੇ ਦੂਸਰਾ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ 7 ਤੋਂ 9 ਤੱਕ- ਤਰਕਸ਼ੀਲ ਸੁਸਾਇਟੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ 28 ਮਈ ( ਆਤਮਾ ਸਿੰਘ ਪਮਾਰ ) - ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਮਾ.ਲੱਖਾ ਸਿੰਘ ਸਹਾਰਨਾ,ਆਤਮਾ ਸਿੰਘ ਪਮਾਰ ਅਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਵਿਦਿਆਰਥੀਆਂ ਦੇ ਮਾਨਸਿਕ ਬੌਧਿਕ ਤੇ ਸਖਸ਼ੀਅਤ ਵਿਕਾਸ ਲਈ ਸ਼੍ਰੇਣੀ 9 ਵੀਂ ਤੋਂ + 2 ਤੱਕ ਦੇ ਵਿਦਿਆਰਥੀਆਂ ਲਈ ਪਾਠਕ੍ਰਮ ਕਿਵੇਂ ਪੜ੍ਹਿਆ ਜਾਵੇ ?ਕੀ ਸਿੱਖਿਆ ਜਾਵੇ ? ਕਿਸ ਤਰੀਕੇ ਪੜ੍ਹਾਈ ਨੂੰ ਸਮਾਜ ਵਿੱਚ ਵਿਚਰਦਿਆਂ ਲਾਗੂ ਕੀਤਾ ਜਾਵੇ ਦੇ ਉਦੇਸ਼ ਦੇ ਚੱਲਦਿਆਂ 7,8,9 ਜੂਨ ਨੂੰ ਦੂਜਾ ਚੇਤਨਾ ਕੈਂਪ ਲਗਾਇਆ ਜਾ ਰਿਹਾ ਹੈ I ਉਹਨਾਂ ਕਿਹਾ ਕਿ ਅੱਜ ਦੇ 'ਡਿਜੀਟਲ ਯੁੱਗ' ਵਿੱਚ ਵਿਦਿਆਰਥੀਆਂ ਨੂੰ ਕਿਤਾਬੀ ਪੜ੍ਹਾਈ ਦੇ ਨਾਲ ਜੋੜਦਿਆਂ ਸਮਾਜਿਕ ਸਰੋਕਾਰਾਂ ਨੂੰ ਕਿੰਝ ਸਮਝਣਾ ਅਤੇ ਸਿਖਾਉਣਾ ਵੀ ਸਮੇਂ ਦੀ ਅਣਸਰਦੀ ਲੋੜ ਹੈ I ਜਿਸ ਰਾਹੀਂ ਬੱਚੇ ਸਮਾਜ ਵਿੱਚ ਫੈਲੀਆਂ ਅਨੇਕਾਂ ਕੁਰੀਤੀਆਂ ਤੇ ਅਲਾਮਤਾਂ ਤੋਂ ਬਚਦਿਆਂ ਪੜ੍ਹਾਈ ਤੇ ਫ਼ੋਕਸ ਕਰਕੇ ਬਿਹਤਰ ਸਮਾਜ ਦੀ ਸਿਰਜਣਾ ਕਰਨ ਦੇ ਧਾਰਨੀ ਬਣ ਸਕਣ। ਉਨਾਂ ਕਿਹਾ ਜੋ ਵਿਦਿਆਰਥੀ ਇਸ ਕੈਂਪ ਵਿੱਚ ਭਾਗ ਲੈਣਾ ਚਾਹੁੰਦੇ ਹਨ ਉਹ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਹਿਮਤੀ ਪੱਤਰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਨੇੜੇ ਦੇ ਜੋਨ,ਇਕਾਈ ਕਾਰਕੁੰਨਾਂ ਕੋਲ ਆਪਣਾ ਨਾਮ ਦਰਜ਼ ਕਰਵਾ ਸਕਦੇ ਹਨ I ਉਨਾਂ ਕਿਹਾ ਕਿ ਕੈਂਪ ਦਾ ਖਰਚਾ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੀ ਕੀਤਾ ਜਾਵੇਗਾ I

**ਦੂਸਰਾ ਵਿਦਿਆਰਥੀ ਵਿਗਿਆਨਿਕ ਚੇਤਨਾ ਕੈਂਪ**

**7, 8 ਅਤੇ 9 ਜੂਨ 2025**

ਰਜਿਸਟਰੇਸ਼ਨ ਦਾ ਸਮਾਂ : 11 ਵਜੇ 7 ਜੂਨ 2025
ਕੈਂਪ ਦੀ ਸਮਾਪਤੀ : 2 ਵਜੇ 9 ਜੂਨ (ਦੁਪਹਿਰ ਦੇ ਖਾਣੇ ਤੋਂ ਬਾਅਦ)
ਸਥਾਨ : ਤਰਕਸ਼ੀਲ ਭਵਨ ਬਰਨਾਲਾ

ਨੋਟ :
1. ਸਿਰਫ ਨੌਵੀਂ ਤੋਂ ਬਾਰਵੀਂ ਤੱਕ ਦੇ ਲੜਕੇ ਹੀ ਇਸ ਕੈਂਪ ਵਿੱਚ ਭਾਗ ਲੈ ਸਕਦੇ ਹਨ ।
2. ਰਜਿਸਟਰੇਸ਼ਨ ਫੀਸ : 100ਰੁ: (ਇਹਨਾਂ ਪੈਸਿਆਂ ਦਾ ਬੱਚੇ ਨੂੰ ਸਮਾਨ ਦਿੱਤਾ ਜਾਵੇਗਾ)
3. ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਸੋਸਾਇਟੀ ਵੱਲੋਂ ਕੀਤਾ ਜਾਵੇਗਾ ।
4. ਵਿਦਿਆਰਥੀ ਕੈਂਪ ਵਿੱਚ ਆਪਣੇ ਨਾਲ ਪਾਣੀ ਵਾਲੀ ਖਾਲੀ ਬੋਤਲ, ਰਾਤ ਨੂੰ ਸੌਣ ਸਮੇਂ ਉੱਪਰ ਲੈਣ ਵਾਲਾ ਕੱਪੜਾ, ਬੁਰਸ਼, ਤਿੰਨ ਦਿਨ ਲਈ ਪਹਿਨਣ ਵਾਲੇ ਕੱਪੜੇ ਅਤੇ ਤੌਲੀਆ ਆਦਿ ਲੈ ਕੇ ਆਉਣ ।
5. ਜੋ ਵਿਦਿਆਰਥੀ ਇਸ ਕੈਂਪ ਵਿੱਚ ਹਿੱਸਾ ਲੈਣ ਦੇ ਚਾਹਵਾਨ ਹਨ ਉਹਨਾਂ ਵਿਦਿਆਰਥੀਆਂ ਦੇ ਮਾਪੇ / ਅਧਿਆਪਕ ਸੋਸਾਇਟੀ ਦੀ ਨੇੜਲੀ ਇਕਾਈ ਨਾਲ 31 ਮਈ 2025 ਤੱਕ ਸੰਪਰਕ ਕਰਨ।

ਵੱਲੋਂ : ਤਰਕਸ਼ੀਲ ਸੁਸਾਇਟੀ ਪੰਜਾਬ

# ਰਾਮਗੜ੍ਹੀਆ ਪੈਲੇਸ ਸਰਦੂਲਗੜ੍ਹ ਵਿਖੇ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਭਲਕੇ-ਔਲਖ/ਬੱਪੀਆਣਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ 28 ਮਈ (ਆਤਮਾ ਸਿੰਘ ਪਮਾਰ) ਸਾਬਕਾ ਵਿਧਾਇਕ ਸ.ਸੁਖਵਿੰਦਰ ਸਿੰਘ ਔਲਖ ਅਤੇ ਮਨਜੀਤ ਸਿੰਘ ਬੱਪੀਆਣਾ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਆਕਾਲ ਤਖ਼ਤ ਸਾਹਿਬ ਵੱਲੋਂ ਮਨੋਨੀਤ ਭਰਤੀ ਕਮੇਟੀ ਦੀ ਇੱਕ ਜ਼ਰੂਰੀ ਮੀਟਿੰਗ ਰਾਮਗੜ੍ਹੀਆ ਪੈਲੇਸ ਸਰਦੂਲਗੜ੍ਹ ਵਿਖੇ



11-30 ਵਜੇ ਹੋਵੇਗੀ। ਜਿਸ ਵਿੱਚ ਅਕਾਲੀ ਦਲ ਦੀ ਮੈਂਬਰਸ਼ਿਪ ਕੀਤੀ ਜਾਵੇਗੀ ।ਔਲਖ ਨੇ ਦੱਸਿਆ ਕਿ ਇਸ ਮੀਟਿੰਗ ਦੀ ਤਿਆਰੀ ਲਈ ਪਿੰਡ ਮਾਨਖੇੜਾ ਦੇ ਗੁਰੂ ਘਰ ਵਿਖੇ ਸੰਗਤਾਂ ਦਾ ਇੱਕਠ ਕੀਤਾ ਗਿਆ । ਇਸ ਮੌਕੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ: ਸੁਖਵਿੰਦਰ ਔਲਖ, ਜੱਥੇਦਾਰ: ਮਨਜੀਤ ਸਿੰਘ ਬੱਪੀਆਣਾ ਮੈਂਬਰ ਧਰਮ ਪ੍ਰਚਾਰ ਕਮੇਟੀ ਵੱਲੋਂ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਪਹੁੰਚਣ ਅਤੇ ਮੈਂਬਰਸ਼ਿਪ ਲੈਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਮੇ ਜ:ਪਰਮਜੀਤ ਸਿੰਘ ਭੀਖੀ ,ਸੁਖਬੀਰ ਸਿੰਘ ਔਲਖ; ਸਤਨਾਮ ਸਿੰਘ ਭਲਾਈ ਕੇ ਸਾਬਕਾ,ਸਰਪੰਚ, ਸਾਬਕਾ ਐਮ ਸੀ ਸੁਖਵਿੰਦਰ ਸਿੰਘ ਸਰਦੂਲਗੜ੍ਹ ਅਤੇ ਰਾਜਦੀਪ ਸਿੰਘ ਔਲਖ ਵੀ ਹਾਜ਼ਰ ਸਨ।

# ਨਸ਼ੇ ਦਾ ਦੈਂਤ,ਅਜੇ ਵੀ ਪੰਜਾਬ ਦੇ ਕਈ ਪਿੰਡਾਂ,ਸ਼ਹਿਰਾਂ ਅਤੇ ਕਸਬਿਆਂ ਵਿੱਚ ਵੱਡੇ ਪੱਧਰ ਤੇ ਪੈਰ ਪਸਾਰ ਚੁੱਕਾ ਹੈ : ਬੇਗਮਪੁਰਾ ਟਾਈਗਰ ਫੋਰਸ

## ਪੰਜਾਬ ਵਿੱਚ ਆਏ ਦਿਨ ਸੋਸ਼ਲ ਮੀਡੀਆ ਤੇ ਨਸ਼ੇੜੀਆਂ ਦੀਆਂ ਵੀਡੀਓਜ਼ ਵਾਇਰਲ ਹੁੰਦੀਆਂ ਰਹਿੰਦੀਆਂ ਹਨ : ਪੰਜਾਬ ਪ੍ਰਧਾਨ ਬੀਰਪਾਲ ਠਰੋਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 27 ਮਈ ( ਤਰਸੇਮ ਦੀਵਾਨਾ ) ਯੁੱਧ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਨੂੰ ਕਾਫੀ ਦਿਨ ਹੋ ਚੁੱਕੇ ਹਨ ਇਸ ਦੌਰਾਨ ਪੁਲਿਸ ਵਿਭਾਗ ਦੀਆਂ ਸਪੈਸ਼ਲ ਟੀਮਾਂ ਵੱਲੋਂ ਸਮੂਹ ਪੰਜਾਬ ਦੇ ਵਿੱਚ ਸੈਨਥੈਟਿਕ ਡਰੱਗਸ, ਚੂਰਾ, ਪੋਸਤ, ਅਫੀਮ, ਮੈਡੀਕਲ ਨਸ਼ਾ ਵੱਡੀ ਮਿਕਦਾਰ ਵਿੱਚ ਵਿੱਚ ਰਿਕਵਰ ਵੀ ਕੀਤਾ ਗਿਆ ਹੈ ਅਤੇ ਨਾਲ ਹੀ ਕਈ ਨਸ਼ੇ ਦੇ ਸੁਦਾਗਰਾ ਦੇ ਖਿਲਾਫ਼ ਐਫ਼ ਆਈ ਆਰ ਵੀ ਦਰਜ਼ ਕੀਤੀਆਂ ਜਾ ਚੁੱਕੀਆਂ ਹਨ। ਪਰ ਅਜੇ ਵੀ ਇਹ ਨਸ਼ੇ ਦਾ ਦੈਂਤ, ਪੰਜਾਬ ਦੇ ਵਿੱਚ ਐਨੇ ਵੱਡੇ ਪੱਧਰ ਤੇ ਆਪਣੇ ਪੈਰ ਪਸਾਰ ਚੁੱਕਾ ਜੋ ਕਿ ਇਸ ਨੂੰ ਜੜ ਤੋਂ ਖ਼ਤਮ ਕਰਨ ਦੇ ਲਈ ਸ਼ਾਇਦ ਇਹ ਸਮਾਂ ਨਾ ਕਾਫ਼ੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਧਾਕੜ ਪੰਜਾਬ ਪ੍ਰਧਾਨ ਬੀਰਪਲ ਠਰੋਲੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਇੱਥੇ ਇਹ ਵੀ ਕਹਿਣਾ ਅਥਕਥਨੀ ਨਹੀਂ ਹੋਵੇਗੀ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵੱਲੋਂ ਜੋ ਨਸ਼ਿਆਂ ਵਿਰੁੱਧ ਇੱਕ ਸਖ਼ਤ ਅਤੇ ਠੋਸ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਜੇਕਰ ਪਿਛਲੀਆਂ ਸਰਕਾਰਾਂ ਨੇ ਐਨਾ ਜ਼ਿਆਦਾ ਜ਼ੋਰ ਲਾ ਕੇ ਨਸ਼ੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸ਼ਾਹਿਦ ਇਹ ਨਸ਼ਾ ਪੰਜਾਬ ਵਿੱਚ ਇੰਨੇਂ ਜ਼ਿਆਦਾ ਵੱਡੇ ਪੱਧਰ ਤੱਕ ਪੈਰ ਨਾ ਪਸਾਰਦਾ ।ਉਹਨਾ ਕਿਹਾ ਕਿ ਆਏ ਦਿਨ ਸੋਸ਼ਲ ਮੀਡੀਆ ਤੇ ਨਸ਼ੇੜੀਆਂ ਦੀਆਂ ਵੀਡੀਓਜ਼ ਵਾਇਰਲ ਹੁੰਦੀਆਂ ਰਹਿੰਦੀਆਂ ਹਨ । ਜੋ ਕਿ ਕਿਤੇ ਨਾ ਕਿਤੇ ਪੁਲਿਸ ਦੀ ਇੰਟੈਲੀਜੈਂਸ ਵਿਭਾਗ ਤੇ ਵੀ ਸਵਾਲੀਆ ਨਿਸ਼ਾਨ ਖੜ੍ਹੇ ਕਰਦੀਆਂ ਹਨ ! ਉਹਨਾਂ ਕਿਹਾ ਕਿ ਥੋੜ੍ਹਾ ਸਮਾਂ ਪਹਿਲਾਂ ਮਜੀਠਾ ਖੇਤਰ ਦੇ ਵਿੱਚ ਨਜ਼ਾਇਜ਼ ਜ਼ਹਿਰੀਲੀ ਸ਼ਰਾਬ ਪੀਣ ਦੇ ਨਾਲ ਦੋ ਦਰਜਨ ਤੇ ਜਿਆਦਾ ਮੌਤਾਂ ਹੋ ਗਈਆਂ ਸਨ । ਜਿਸ ਤੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕਰੜਾ ਐਕਸ਼ਨ ਲਿਆ ਗਿਆ ਸੀ ਤੇ ਲੱਗਭਗ 18 ਵਿਅਕਤੀਆਂ ਦੇ ਖਿਲਾਫ਼ ਐਫਆਈਆਰ ਦਰਜ ਵੀ ਕੀਤੀਆਂ ਗਈਆਂ ਸੀ ਅਤੇ ਪੰਜਾਬ ਸਰਕਾਰ ਵਲੋਂ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੱਦਦ ਵੱਜੋਂ ਵੀ ਦਿੱਤੇ ਗਏ ਸਨ। ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ ਅਤੇ ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਤੇ ਕਾਰਵਾਈ ਕੀਤੀ ਗਈ ਸੀ। ਉਹਨਾਂ ਕਿਹਾ



ਕਿ ਜਿੰਨਾ ਚਿਰ ਪੰਜਾਬ ਦੇ ਲੋਕ ਨਸ਼ਿਆਂ ਵਿਰੁੱਧ ਖੁੱਲ ਕੇ ਸਰਕਾਰ ਦਾ ਸਾਥ ਨਹੀਂ ਦਿੰਦੇ ਉਨੀਂ ਦੇਰ ਤੱਕ ਪੰਜਾਬ ਵਿੱਚੋਂ ਨਸ਼ੇ ਦੇ ਇਸ ਦੈਂਤ ਨੂੰ ਮਾਰਿਆ ਨਹੀਂ ਜਾ ਸਕਦਾ। ਉਹਨਾਂ ਅੰਤ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਖ਼ਤਮ ਕਰਨ ਦੀ ਮੁਹਿੰਮ ਤੇ ਕਰੋੜਾਂ ਰੁਪਏ ਖ਼ਰਚੇ ਜਾ ਰਹੇ ਹਨ। ਜੇਕਰ ਇਹੀ ਪੈਸਾ ਇਹਨਾਂ ਨੌਜ਼ਵਾਨਾਂ ਦੇ ਮੁੜ ਵਸੇਬੇ ਲਈ ਲਾਇਆ ਜਾਵੇ ਤਾਂ ਨਸ਼ਾ ਤਸ਼ਕਰਾਂ ਦੀ ਕਮਰ ਤੋੜੀ ਜਾ ਸਕਦੀ ਹੈ ਅਤੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ।

# ਸਰਕਾਰੀ ਸਕੂਲ( ਮੁੰਡੇ )ਧਨੌਲਾ ਵਿਖੇ ਭਾਰਤੀਯ ਭਾਸ਼ਾ ਪੜ੍ਹਨ ਸਮਝਣ ਸਬੰਧੀ ਕੈਂਪ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਧਨੌਲਾ,28 ਮਈ (ਜਗਸੀਰ ਲੌਂਗੋਵਾਲ)-

ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਜ਼ਿਲ੍ਹਾ ਬਰਨਾਲਾ ਸੁਨੀਤ ਇੰਦਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਡਾ.ਬਰਜਿੰਦਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਪ੍ਰਿੰਸੀਪਲ ਨਿਦਾ ਅਲਤਾਫ, ਸਕੂਲ ਮੁੱਖੀ ਹਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਰਤੀਯ ਭਾਸ਼ਾ ਸਮਰ



ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਧਨੌਲਾ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਭਾਗੀਦਾਰੀ ਕਰ ਰਹੀ ਪੰਜਾਬੀ ਅਧਿਆਪਿਕਾ ਸਾਰਿਕਾ ਜਿੰਦਲ ਨੇ ਦੱਸਿਆ ਕਿ ਕ ਐਸ. ਸੀ. ਆਰ.ਟੀ ਮੋਹਾਲੀ ਦੀਆਂ ਰਿਆਇਤਾਂ ਅਨੁਸਾਰ ਇਸ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵਿਦਿਆਰਥੀ ਤੇਲਗੂ ਭਾਸ਼ਾ ਵਿੱਚ ਆਮ ਬੋਲ - ਚਾਲ ਦੇ ਸ਼ਬਦ ਸਿੱਖ ਰਹੇ ਹਨ। ਵਿਦਿਆਰਥੀਆਂ ਵਿੱਚ ਭਾਸ਼ਾ ਪੜ੍ਹਨ ਦੇ ਕੋਸ਼ਲ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ ।ਇਸ ਕੈਂਪ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ। ਕੈਂਪ ਦੇ ਦੌਰਾਨ ਵਿਦਿਆਰਥੀ ਭਾਰਤ ਦੀ ਵਿਭਿੰਨਤਾ, ਭਾਸ਼ਾਵਾਂ , ਸੱਭਿਆਚਾਰ ,ਸੰਸਕ੍ਰਿਤ ਸਮਾਜਿਕ ਜੀਵਨ ਨੂੰ ਸਮਝ ਰਹੇ ਹਨ। ਇਸ ਕੈਂਪ ਰਾਹੀ ਵਿਦਿਆਰਥੀਆਂ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ, ਵੱਖ-ਵੱਖ ਟਰੈਫਿਕ ਚਿੰਨਾਂ ਸਬੰਧੀ, ਵਾਤਾਵਰਨ ਬਚਾਉਣ ਸਬੰਧੀ ਅਤੇ ਸਰਬਜਨਿਕ ਸਥਾਨ ਬੱਸ ਸਟੈਂਡ ਆਦਿ ਰਾਹੀਂ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।

# ਸਬਰਾਂ ਦੀ ਗੱਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਹੈਪੀ ਰਾਜਪਾਲ ਕੋਟ ਭਾਈ (ਸ੍ਰੀ ਮੁਕਤਸਰ ਸਾਹਿਬ) ਮੋਬਾਇਲ - 9988744695
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਗੱਲ ਤਾਂ ਸਾਰੀ ਸਬਰਾਂ ਦੀ ਏ,
ਬਸ ਆਪੋ ਆਪਣੀਆਂ ਨਜ਼ਰਾਂ ਦੀ ਏ,

ਜਿਹਨੂੰ ਕਰਨਾ ਸਬਰ ਆ ਗਿਆ,
ਉਹੀ ਸੱਚੇ ਰੱਬ ਨੂੰ ਪਾ ਗਿਆ,

ਇਹੁ ਲਿਖਿਆ ਗੁਰਬਾਣੀ ਅੰਦਰ,
ਕਹਿ ਗਏ ਸਾਨੂੰ ਪੀਰ ਪੈਗੰਬਰ,

ਕਿਉਂ ਹੈਪੀ ਐਵੇ ਫਿਰਦੈਂ ਖੱਪਦਾ,

ਇਹ ਜਿੰਦਗੀ ਅਮਾਨਤ ਕਬਰਾਂ ਦੀ ਏ,
ਗੱਲ ਤਾਂ ਸਾਰੀ ਸਬਰਾਂ ਦੀ ਏ,

ਬਸ ਆਪੋ ਆਪਣੀਆਂ ਨਜ਼ਰਾਂ ਦੀ ਏ,
ਉਹ ਗੱਲ ਤਾਂ ਸਾਰੀ ਸਬਰਾਂ ਦੀ,

# ਨਰੋਏ ਸਮਾਜ ਦੀ ਸਿਰਜਣਾ ਲਈ ਕਰਵਾਇਆ ਪ੍ਰੋਗਰਾਮ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ 28ਮਈ (ਆਤਮਾ ਸਿੰਘ ਪਮਾਰ)

ਸਰਕਾਰੀ ਪ੍ਰਾਇਮਰੀ ਸਕੂਲ ਅਤਲਾਂ ਕਲਾਂ ਵਿਖੇ ਨਰੋਏ ਸਮਾਜ ਦੀ ਸਿਰਜਣਾ ਅਤੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਤਹਿਤ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਬੁਲਾਰੇ ਵਜੋਂ ਸਹਾਇਕ ਪ੍ਰੋਫ਼ੈਸਰ ਡਾ. ਬੱਲਮ ਲੀਂਬਾ ਨੇ




ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਨਸ਼ਿਆਂ ਵਰਗੀ ਨਾਮੁਰਾਦ ਬਿਮਾਰੀ ਨਾਲ ਲੜਨਾ ਬਹੁਤ ਜ਼ਰੂਰੀ ਹੈ ਇਹ ਬਿਮਾਰੀ ਸਮਾਜ ਦੀ ਨੌਜਵਾਨੀ ਨੂੰ ਖਤਮ ਕਰ ਰਹੀ ਹੈ, ਇਸ ਤੋਂ ਸੁਚੇਤ ਰਹਿਣ ਦੀ ਲੋੜ ਹੈ।ਉਹਨਾਂ ਵਿਦਿਆਰਥੀਆਂ ਨੂੰ ਚੰਗੀਆਂ ਕਿਤਾਬਾਂ ਨਾਲ ਸਾਂਝ ਪਾਉਣ, ਮੋਬਾਇਲ ਫ਼ੋਨ ਦੀ ਘੱਟ ਤੋਂ ਘੱਟ ਵਰਤੋਂ ਕਰਨ ਤੇ ਸਿਹਤਮੰਦ ਰਹਿਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਮੁੱਖੀ ਸ੍ਰ ਬਲਜਿੰਦਰ ਸਿੰਘ ਨੇ ਬੁਲਾਰੇ ਦਾ ਧੰਨਵਾਦ ਕਰਦਿਆਂ ਇਸ ਮੁਹਿੰਮ ਨੂੰ ਹੋਰ ਹੁਲਾਰਾ ਦੇਣ ਦਾ ਅਹਿਦ ਕੀਤਾ। ਇਸ ਮੌਕੇ ਪਹੁੰਚੇ ਬੁਲਾਰੇ,ਸਕੂਲ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਪੌਦਾ ਲਗਾਉਣ ਦੀ ਰਸਮ ਵੀ ਅਦਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਗੁਰਦੀਪ ਸਿੰਘ, ਅਸ਼ਵਿੰਦਰ ਸਿੰਘ, ਸੁਰਜੀਤ ਸਿੰਘ , ਕਿਰਨਦੀਪ ਕੌਰ ਅਤੇ ਵਿਦਿਆਰਥੀ ਹਾਜ਼ਰ ਵੀ ਸਨ।

# ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਆਯੋਜਿਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,28 ਮਈ (ਜਗਸੀਰ ਲੌਂਗੋਵਾਲ)-

ਕਲਗੀਧਰ ਟਰੱਸਟ ਬੜੂ ਸਾਹਿਬ ਵਿਦਿਅਕ ਸੰਸਥਾ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ “ਸ਼ਹੀਦਾਂ ਦੇ ਸਰਤਾਜ” ਅਤੇ ਸ਼ਾਂਤੀ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਿਤ ਇੱਕ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਸਵੇਰ ਦੀ ਅਰਦਾਸ ਦੌਰਾਨ ਅਕਾਲ ਅਕੈਡਮੀ ਥੇਹ ਕਲੰਦਰ ਦੇ ਪ੍ਰਿੰਸੀਪਲ ਗੁਰਜੀਤ ਕੌਰ ਦੀ ਅਗਵਾਈ ਹੇਠ ਗੁਰਮਤਿ ਅਤੇ ਸੰਗੀਤ ਵਿਭਾਗ ਦੀ ਇੰਚਾਰਜ ਤਲਵਿੰਦਰ ਕੌਰ ਵੱਲੋਂ ਕਰਵਾਏ ਗਏ। ਸਮਾਗਮ ਦੌਰਾਨ ਪਹਿਲੀ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਨਿੱਤਨੇਮ ਉਪਰੰਤ ਵਾਹਿਗੁਰੂ ਜਾਪ, ਸ਼ਬਦ ਕੀਰਤਨ, ਕਵਿਤਾਵਾਂ ਅਤੇ ਕਵੀਸ਼ਰੀਆਂ ਰਾਹੀਂ ਆਪਣੀ ਸ਼ਰਧਾ ਭਾਵਨਾ ਪ੍ਰਗਟ ਕੀਤੀ। ਦਸਵੀਂ ਜਮਾਤ ਦੀ ਵਿਦਿਆਰਥਣ ਅੰਤਰੀਵ ਕੌਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ‘ਤੇ ਅਧਾਰਿਤ ਆਪਣੀ ਲਿਖੀ ਹੋਈ ਕਵਿਤਾ ਪੇਸ਼ ਕਰਕੇ ਸਭ ਦੇ ਮਨ ਮੋਹ ਲਏ। ਇਸ ਸਮਾਗਮ ਵਿੱਚ ਅਕੈਡਮੀ ਦੇ ਸਾਰੇ ਸਟਾਫ ਅਤੇ ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਲਈ ਅਰਦਾਸ ਵਿੱਚ ਸ਼ਿਰਕਤ ਕੀਤੀ। ਅੰਤ ਵਿੱਚ ਪ੍ਰਿੰਸੀਪਲ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਕਲਯੁਗ ਵਿੱਚ ਤਪਦੀ ਹੋਈ ਮਨੁੱਖਤਾ ਨੂੰ ਠੰਡ ਪਾਉਣ, ਸੱਚਾਈ ਦਾ ਰਾਹ ਵਿਖਾਉਣ ਅਤੇ ਨਿਮਰਤਾ, ਸੇਵਾ ਤੇ ਸ਼ਾਂਤੀ ਦੀ ਸਿਖਿਆ ਦੇਣ ਲਈ ਅਵਤਾਰ ਧਾਰਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ‘ਤੇ ਚੱਲਦਿਆਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਆਪਣੇ ਜੀਵਨ



ਨੂੰ ਅਰਥਪੂਰਨ ਬਣਾਉਣਾ ਚਾਹੀਦਾ ਹੈ। ਇਹ ਸਮਾਗਮ ਅਕੈਡਮੀ ਵੱਲੋਂ ਧਾਰਮਿਕ ਅਤੇ ਆਧਿਆਤਮਿਕ ਮੁੱਲਾਂ ਦੀ ਸਥਾਪਨਾ ਵੱਲ ਇਕ ਹੋਰ ਕਦਮ ਸੀ, ਜਿਸ ਰਾਹੀਂ ਵਿਦਿਆਰਥੀਆਂ ਦੇ ਮਨ ਵਿੱਚ ਗੁਰੂ ਸਾਹਿਬਾਨਾਂ ਪ੍ਰਤੀ ਪਿਆਰ, ਸਤਿਕਾਰ ਅਤੇ ਨਿਮਰਤਾ ਦਾ ਬੀਜ ਬੀਜਿਆ ਗਿਆ।

# ਬੰਗਾ ਰੋਡ ਤੇ ਬਣੀ ਮੱਛੀ ਮਾਰਕੀਟ ਵੱਲ ਵੀ ਪ੍ਰਸ਼ਾਸਨ ਨੂੰ ਧਿਆਨ ਦੇਣਾ ਚਾਹੀਦਾ ਹੈ - ਪ੍ਰਧਾਨ ਸੋਨੀ ਤੇ ਐਡਵੋਕੇਟ ਬੜਪੱਗਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)

ਬੰਗਾ ਰੋਡ ਤੇ ਬਣੀ ਮੱਛੀ ਮਾਰਕੀਟ ਵਿੱਚ ਮੱਛੀ ਖਾਣ ਦੇ ਸ਼ੌਕੀਨਾਂ ਨੂੰ ਗੰਦਗੀ ਪਰੋਸੀ ਜਾ ਰਹੀ ਹੈ ਪਰ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਅੱਖਾਂ ਮੂੰਦ ਕੇ ਬੈਠਾ ਹੋਇਆ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਅਤੇ ਐਡਵੋਕੇਟ ਸੁਰਿੰਦਰ ਬੜਪੱਗਾ ਕਾਨੂੰਨੀ ਸਲਾਹਕਾਰ ਨੇ ਸਾਂਝੇ ਤੌਰ ਪ੍ਰੈਸ ਨਾਲ ਗੱਲਬਾਤ ਕਰਦਿਆਂ ਰੱਖੇ । ਉਹਨਾਂ ਕਿਹਾ ਕਿ ਬੰਗਾ ਰੋਡ ਤੇ ਯੋਕੋਹਾਮਾ ਰੈਸਟੋਰੈਂਟ ਦੇ ਨਜਦੀਕ ਇਕ ਆਰਜੀ





ਮੱਛੀ ਮਾਰਕੀਟ ਬਣੀ ਹੋਈ ਹੈ ,ਜਿਸ ਵਿੱਚ ਆਮ ਜਨਤਾ ਦੀ ਸਿਹਤ ਨਾਲ ਖੁੱਲ੍ਹੇਆਮ ਖਿਲਵਾੜ ਕੀਤਾ ਜਾ ਰਿਹਾ ਹੈ, ਕਿਉਂਕਿ ਉਸ ਦੇ ਕੋਲ ਹੀ ਕੂੜੇ ਦਾ ਡੰਪ ਹੈ , ਨਾ ਹੀ ਜਿੱਥੇ ਮਾਰਕੀਟ ਬਣੀ ਹੋਈ ਹੈ ਸਫਾਈ ਦਾ ਕੋਈ ਪ੍ਰਬੰਧ ਹੈ , ਮੱਖੀਆਂ ਮੱਛਰ ਭਿੰਨਭਿਨਾਉਂਦੇ ਆਮ ਦੇਖੇ ਜਾ ਸਕਦੇ ਹਨ। ਗਰਮੀ ਦੇ ਮੌਸਮ ਕਾਰਨ ਆਮ ਲੋਕਾਂ ਨੂੰ ਬਦਬੂਦਾਰ ਹਵਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਆਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਸਾਹਿਬ ਹਾਈ- ਵੇ ਹੋਂਣ ਕਾਰਨ ਰੋਡ ਹਰ ਵੇਲੇ ਚਲਦਾ ਹੈ । ਗੜਸ਼ੰਕਰ ਤੋਂ ਜਲੰਧਰ ਬੱਸ ਸਟੈਂਡ ਹੋਣ ਕਾਰਨ ਯਾਤਰੀ ਉਥੇ ਹੀ ਖੜਦੇ ਹਨ,ਉਹਨਾਂ ਨੂੰ ਬਦਬੂ ਕਾਰਨ ਮੂੰਹ ਢੱਕ ਕੇ ਘੰਟਿਆਂ ਬੱਧੀ ਬੱਸ ਦਾ ਇੰਤਜ਼ਾਰ ਕਰਨਾ ਪੈਂਦਾ ਹੈ, ਉਪਰੋ ਕਰੋਨਾ ਫਿਰ ਦੇਸ਼ ਵਿਚ ਆਪਣੇ ਪੈਰ ਫੈਲਾ ਰਿਹਾ ਹੈ ਅਤੇ ਇਸ ਗੰਦਗੀ ਕਾਰਣ ਭਿਆਨਕ ਬਿਮਾਰੀਆਂ ਫੈਲਣ ਦਾ ਖਦਸਾ ਬਣਿਆ ਹੋਇਆ ਹੈ ਪਰ ਸਾਡਾ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਬੈਠਾ ਹੋਇਆ ਹੈ ਕਿਸੇ ਦਾ ਵੀ ਹਜੇ ਤਕ ਧਿਆਨ ਇਸ ਸਮੱਸਿਆ ਨੂੰ ਹਲ ਕਰਨ ਵਲ੍ਹ ਨਹੀਂ ਗਿਆ ।ਉਹਨਾਂ ਕਿਹਾ ਕਿ ਆਮ ਜਨਤਾ ਦੀ ਸਿਹਤ ਸੁਰੱਖਿਆ ਨੂੰ ਮੱਦੇਨਜ਼ਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਸਿਹਤ ਵਿਭਾਗ ਅਤੇ ਨਗਰ ਕੌਂਸਲ ਪ੍ਰਸ਼ਾਸਨ ਕੋਲੋ ਪ੍ਰੈਸ ਦੇ ਮਾਧਿਅਮ ਦੁਆਰਾ ਮੰਗ ਕਰਦੀ ਹੈ ਕਿ ਬੰਗਾ ਰੋਡ ਤੇ ਮੱਛੀ ਵਿਕ੍ਰੇਤਾਵਾਂ ਵਲੋ ਆਮ ਪਬਲਿਕ ਨੂੰ ਪਰੋਸੀ ਜਾ ਰਹੀ ਗੰਦਗੀ ਤੇ ਰੋਕ ਲਾਈ ਜਾਵੇ ਅਤੇ ਜਲੰਧਰ ਬਸ ਸਟੈਂਡ ਕੋਲ ਲੱਗਿਆ ਡੰਪ ਇਥੋਂ ਚੱਕ ਕੇ ਕਿਸੇ ਹੋਰ ਜਗ੍ਹਾ ਤੇ ਸ਼ਿਫਟ ਕੀਤਾ ਜਾਵੇ।

# ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਕੀਤਾ ਯਾਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,28 ਮਈ (ਜਗਸੀਰ ਲੌਂਗੋਵਾਲ)-

ਸਥਾਨਕ ਬਨਾਸਰ ਬਾਗ ਸਥਿਤ ਮੁੱਖ ਦਫਤਰ ਵਿਖੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਮਹੀਨਾਵਾਰ ਜਨਮ ਦਿਨ ਤੇ ਸਨਮਾਨ ਸਮਾਰੋਹ ਸੰਸਥਾ ਪ੍ਰਧਾਨ ਡਾ. ਨਰਵਿੰਦਰ ਸਿੰਘ ਕੌਸ਼ਲ ਦੀ ਅਗਵਾਈ ਵਿੱਚ ਕੀਤਾ ਗਿਆ। ਉਨ੍ਹਾਂ ਦੇ ਨਾਲ ਇੰਜ: ਪਰਵੀਨ ਬਾਂਸਲ ਚੇਅਰਮੈਨ, ਸਰਪ੍ਰਸਤ ਗੁਰਪਾਲ ਸਿੰਘ ਗਿੱਲ, ਦਲਜੀਤ ਸਿੰਘ ਜ਼ਖ਼ਮੀ, ਜਗਨ ਨਾਥ ਗੋਇਲ ਅਤੇ ਸੁਪਰ ਸਿਟੀਜਨ ਸਤਵੰਤ ਸਿੰਘ ਮੌੜ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਜਗਜੀਤ ਸਿੰਘ ਜਨਰਲ ਸਕੱਤਰ ਦੇ ਸਟੇਜ ਸੰਚਾਲਨ ਅਧੀਨ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸੰਸਥਾ ਦੇ ਮੈਂਬਰਾਂ ਨੂੰ ਖੜੇ ਹੋ ਕੇ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈੱਸ ਮੀਡੀਆ ਇੰਚਾਰਜ ਨੇ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ। ਆਪ ਨੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਪੂਰਬਕ ਦੱਸਿਆ



ਅਤੇ ਇਸ ਸਬੰਧ ਵਿੱਚ ਕਾਵਿ ਰਚਨਾ ਨਾਲ ਗੁਰੂ ਸਾਹਿਬ ਨੂੰ ਸਿਜਦਾ ਕੀਤਾ। ਜਗਜੀਤ ਸਿੰਘ ਨੇ ਵੀ ਗੁਰੂ ਸਾਹਿਬ ਵੱਲੋਂ ਜਬਰ ਦਾ ਸਬਰ ਨਾਲ ਕੀਤੇ ਟਾਕਰੇ ਬਾਰੇ ਵਿਚਾਰ ਸਾਂਝੇ ਕੀਤੇ। ਹੋਰ ਵੱਖ ਵੱਖ ਬੁਲਾਰਿਆਂ ਜਗਜੀਤ ਇੰਦਰ ਸਿੰਘ, ਵਾਸਦੇਵ ਸ਼ਰਮਾ, ਸੁਮਨ ਜ਼ਖ਼ਮੀ, ਕਰਿਸ਼ਨਾ ਭਾਰਦਵਾਜ ਨੇ ਜਨਮ ਦਿਨ ਵਾਲਿਆਂ ਨੂੰ ਵਧਾਈਆਂ ਅਤੇ ਉਨ੍ਹਾਂ ਦੀ ਸਿਹਤ ਤੰਦਰੁਸਤੀ ਦੀ ਕਾਮਨਾ ਕਰਦੇ ਹੋਏ ਵੱਖ ਵੱਖ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ ਅਤੇ ਕਵਿਤਾਵਾਂ ਤੇ ਗੀਤਾਂ ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਇਸ ਮੌਕੇ ਸ਼ਕਤੀ ਮਿੱਤਲ, ਪ੍ਰੇਮ ਚੰਦ ਗਰਗ, ਅਵਿਨਾਸ਼ ਸ਼ਰਮਾ, ਰਾਕੇਸ਼ ਸ਼ਰਮਾ, ਰਾਜ ਕੁਮਾਰ ਬਾਂਸਲ, ਕੁਲਵੰਤ ਸਿੰਘ ਅਕੋਈ, ਪ੍ਰਿੰਸੀਪਲ ਸੁਖਦਰਸ਼ਨ ਸਿੰਘ, ਅਮਰਜੀਤ ਸਿੰਘ ਪਾਹਵਾ, ਢਿੱਲੋਂ ਦੀਆਂ ਵੱਖ ਵੱਖ ਸੇਵਾਵਾਂ ਅਧੀਨ ਮਈ ਮਹੀਨੇ ਦੇ ਜਨਮ ਦਿਨ ਵਾਲੇ ਸੰਸਥਾਵਾਂ ਦੇ ਮੈਂਬਰ ਨਰਵਿੰਦਰ ਸਿੰਘ ਕੌਸ਼ਲ, ਬਲਦੇਵ ਰਾਜ ਮਦਾਨ, ਹਰਮੇਲ ਸਿੰਘ, ਜਗਦੀਸ਼ ਰਾਏ ਸਿੰਗਲਾ, ਸੁਰਿੰਦਰ ਪਾਲ ਬਾਂਸਲ, ਕੈਪਟਨ ਅਨਿਲ ਕੁਮਾਰ ਗੋਇਲ, ਡੀ ਪੀ ਬਾਤਿਸ਼, ਵਰਿੰਦਰ ਸਿੰਘ ਕੌਸ਼ਲ, ਸੁਰਿੰਦਰ ਪਾਲ ਸਿੰਗਲਾ, ਸੂਬੇਦਾਰ ਨਛੱਤਰ ਸਿੰਘ, ਪੁਸ਼ਪਿੰਦਰ ਕੁਮਾਰ ਗਰਗ ਅਤੇ ਰੇਖਾ ਦੇਵੀ, ਸੁਸ਼ੀਲ ਕੁਮਾਰੀ ਆਦਿ ਨੂੰ ਪ੍ਰਧਾਨਗੀ ਮੰਡਲ ਨਾਲ ਗੁਰਿੰਦਰਜੀਤ ਸਿੰਘ ਵਾਲੀਆ, ਸੁਧੀਰ ਵਾਲੀਆ, ਸੁਰਜੀਤ ਸਿੰਘ, ਡਾ. ਇਕਬਾਲ ਸਿੰਘ ਸਕਰੌਦੀ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਮੁੱਖ ਸਿੰਘ, ਵਰਿੰਦਰ ਬਜਾਜ, ਪੁਸ਼ਪਿੰਦਰ ਸਿੰਘ, ਹਰੀ ਦਾਸ ਸ਼ਰਮਾ, ਸੁਰਿੰਦਰ ਸ਼ਰਮਾਂ, ਕਰਨਲ ਜੀਤ ਸਿੰਘ, ਅਮਰਜੀਤ ਸ਼ਰਮਾ, ਜਸਵੰਤ ਸਿੰਘ, ਕੁਲਵੰਤ ਰਾਏ ਬਾਂਸਲ, ਦੁਰਗਾ ਦਾਸ, ਸੰਸਾਰੀ ਲਾਲ ਗੁਪਤਾ, ਕਰਨਲ ਐਸ ਐਸ ਚੀਮਾ, ਸੁਰਿੰਦਰ ਸ਼ੋਰੀ, ਰਾਮ ਲਾਲ ਪਾਂਧੀ ਸਮੇਤ ਸੁਨੀਤਾ ਕੌਸ਼ਲ, ਸੁਮਨ ਜ਼ਖ਼ਮੀ, ਆਸ਼ਾ ਰਾਣੀ, ਰਾਜਿੰਦਰ ਕੌਰ, ਜੋਗਿੰਦਰ ਕੌਰ, ਊਸ਼ਾ ਰਾਣੀ, ਸ਼ਕੁੰਤਲਾ ਦੇਵੀ, ਦਰਸ਼ਨਾਂ ਮਿੱਤਲ, ਨਿਰਮਲਾ ਕੁਮਾਰੀ, ਕਮਲੇਸ਼ ਰਾਣੀ, ਸੰਤੋਸ਼ ਗਰਗ, ਰੇਖਾ ਗੋਇਲ, ਵੀਨਾ ਭੱਲਾ ਆਦਿ ਨੇ ਹਾਰ ਪਾ ਕੇ ਅਤੇ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਵਿਆਹ ਵਰੇਗੰਢ ਵਾਲੀਆਂ ਜੋੜੀਆਂ ਬਦਰੀ ਜਿੰਦਲ ਤੇ ਸ਼ਸ਼ੀ ਜਿੰਦਲ, ਸੁਰਿੰਦਰ ਸ਼ਰਮਾਂ ਤੇ ਕ੍ਰਿਸ਼ਨਾ ਸ਼ਰਮਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਡਾ.ਨਰਵਿੰਦਰ ਸਿੰਘ ਕੌਸ਼ਲ ਨੇ ਵੀ ਜਨਮ ਦਿਨ ਅਤੇ ਵਿਆਹ ਵਰੇਗੰਢ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਆਪ ਨੇ ਧੰਨਵਾਦੀ ਸ਼ਬਦ ਕਹਿੰਦੇ ਹੋਏ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੀ੍ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਸੰਸਥਾ ਦਫ਼ਤਰ ਵਿਖੇ ਛਬੀਲ ਲਗਾਈ ਜਾਵੇਗੀ ਜੋ ਲਗਾਤਾਰ ਇੱਕ ਮਹੀਨਾ ਜਾਰੀ ਰਹੇਗੀ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸੰਸਥਾ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਹੋਣਹਾਰ ਵਿਦਿਆਰਥੀ ਦਾ ਸਨਮਾਨ ਕਰਕੇ ਮੁੱਖ ਮੰਤਰੀ ਨੇ ਸ੍ਰੀ ਜੈਨ ਮਾਡਲ ਸੀ.ਐਸ. ਸਕੂਲ ਦਾ ਮਾਣ ਵਧਾਇਆ ਹੈ: ਜੈਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 28 ਮਈ (ਸ਼ਿਵ ਕੌੜਾ) ਸ੍ਰੀ ਮਹਾਂਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ, ਹੁਸ਼ਿਆਰਪੁਰ ਰੋਡ, ਫਗਵਾੜਾ ਦੇ ਹੋਣਹਾਰ ਵਿਦਿਆਰਥੀ ਮਨਕਰਨ ਸਿੰਘ ਨੂੰ ਪੰਜਾਬ ਬੋਰਡ ਦੁਆਰਾ ਆਯੋਜਿਤ ਬਾਰ੍ਹਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਅਤੇ ਪੰਜਾਬ ਵਿੱਚ ਗਿਆਰ੍ਹਵਾਂ ਸਥਾਨ ਅਤੇ ਜ਼ਿਲ੍ਹਾ ਕਪੂਰਥਲਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 21,000 ਰੁਪਏ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਹੈ। ਇਹ ਜ਼ਿਕਰਯੋਗ ਹੈ ਕਿ ਸਕੂਲ ਪ੍ਰਬੰਧਨ ਕਮੇਟੀ ਨੇ ਇਸ ਪ੍ਰਾਪਤੀ ਲਈ ਗਿਆਰਾਂ ਹਜ਼ਾਰ ਰੁਪਏ



ਦਾ ਨਕਦ ਇਨਾਮ ਭੇਟ ਕਰਕੇ ਵਿਦਿਆਰਥੀ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ। ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਬੰਧਨ ਕਮੇਟੀ ਦੇ ਮੁਖੀ ਸਤੀਸ਼ ਜੈਨ, ਸਕੱਤਰ ਲਲਿਤ ਜੈਨ ਅਤੇ ਖਜ਼ਾਨਚੀ ਅਜੀਤ ਜੈਨ ਨੇ ਕਿਹਾ ਕਿ ਮਨਕਰਨ ਸਿੰਘ ਦੀ ਇਹ ਪ੍ਰਾਪਤੀ ਸਕੂਲ ਦੇ ਸਾਰੇ ਵਿਦਿਆਰਥੀਆਂ, ਸਟਾਫ ਅਤੇ ਪ੍ਰਬੰਧਨ ਕਮੇਟੀ ਲਈ ਇੱਕ ਬਹੁਤ ਹੀ ਮਾਣ ਵਾਲੀ ਅਤੇ ਅਭੁੱਲ ਪਲ ਹੈ। ਮੁਖੀ ਸਤੀਸ਼ ਜੈਨ ਦੇ ਅਨੁਸਾਰ, ਸਕੂਲ ਹਮੇਸ਼ਾ ਆਪਣੇ ਸ਼ਾਨਦਾਰ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਮਨਕਰਨ ਤੋਂ ਇਲਾਵਾ, ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀ ਮਨਕੀਰਤ ਸਿੰਘ ਅਤੇ ਨਮਨ ਕ੍ਰਿਸ਼ਨ ਗੁਪਤਾ ਨੂੰ ਵੀ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਪ੍ਰਤੀ ਵਿਦਿਆਰਥੀ 5100 ਰੁਪਏ ਨਕਦ ਇਨਾਮ, ਇੱਕ ਪ੍ਰਸ਼ੰਸਾ ਪੱਤਰ ਅਤੇ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦੇ ਕਦਮ ਨੂੰ ਇੱਕ ਸ਼ਲਾਘਾਯੋਗ ਕਦਮ ਦੱਸਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਸਤੀਸ਼ ਜੈਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੇ ਸਕੂਲ ਦੀ ਸ਼ਾਨ ਨੂੰ ਬਹੁਤ ਉੱਚਾਈਆਂ ‘ਤੇ ਪਹੁੰਚਾਇਆ ਹੈ। ਉਨ੍ਹਾਂ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਬੇਮਿਸਾਲ ਪ੍ਰਾਪਤੀ ਦਾ ਸਿਹਰਾ ਸਕੂਲ ਦੇ ਧਿਆਨ ਕੇਂਦਰਿਤ, ਦ੍ਰਿੜ ਅਤੇ ਮਿਹਨਤੀ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਅਧਿਆਪਕਾਂ ਨੂੰ ਵੀ ਜਾਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੀ ਸਹੀ ਅਗਵਾਈ ਕੀਤੀ। ਉਨ੍ਹਾਂ ਦੁਹਰਾਇਆ ਕਿ ਸਕੂਲ ਦਾ ਪਹਿਲਾ ਉਦੇਸ਼ ਸਿੱਖਿਆ ਦੀ ਗੁਣਵੱਤਾ ਨੂੰ ਹਮੇਸ਼ਾ ਸਿਖਰ ‘ਤੇ ਰੱਖ ਕੇ ਬਣਾਈ ਰੱਖਣਾ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਸਾਲ ਸਾਡੇ ਬੱਚੇ ਪੰਜਾਬ ਭਰ ਵਿੱਚ ਮੋਹਰੀ ਸਥਾਨ ਪ੍ਰਾਪਤ ਕਰਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਹੋਣਹਾਰ ਵਿਦਿਆਰਥੀਆਂ ਨੂੰ ਹਰ ਸੰਭਵ ਮਦਦ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਯੋਗ ਵਿਦਿਆਰਥੀ ਨੂੰ ਸਰੋਤਾਂ ਦੀ ਘਾਟ ਕਾਰਨ ਸਿੱਖਿਆ ਨਾਲ ਸਮਝੌਤਾ ਨਾ ਕਰਨਾ ਪਵੇ।

# ਆਰ ਐਸ ਐਸ ਅਤੇ ਮੋਦੀ ਸਰਕਾਰ ਸੰਵਿਧਾਨ ਬਦਲ ਕੇ ਦੇਸ਼ ਨੂੰ ਫਿਰਕਿਆਂ ਵੰਡਣ ਲਈ ਯਤਨਸ਼ੀਲ,,, ਵੜਿੰਗ

## ਬਲਕੌਰ ਸਿੰਘ ਸਿੱਧੂ ਵੱਲੋਂ ਆਗਾਮੀ ਵਿਧਾਨ ਸਭਾ 'ਚ ਚੋਣ ਲੜਨ ਦਾ ਐਲਾਨ,,,,,

## ਅਰਸ਼ਦੀਪ ਮਾਈਕਲ ਗਾਗੋਵਾਲ ਵੱਲੋਂ ਰੈਲੀ ਦੀ ਸਫਲਤਾ ਲਈ ਆਗੂਆਂ ਅਤੇ ਵਰਕਰਾਂ ਦਾ ਕੀਤਾ ਧੰਨਵਾਦ,,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਮਾਨਸਾ 28 ਮਈ (ਆਤਮਾ ਸਿੰਘ ਪਮਾਰ) ਮਾਨਸਾ ਸ਼ਹਿਰ ਦੇ ਪ੍ਰਸਿੱਧ ਪੈਲੇਸ ਡੀ ਡੀ ਫੋਰਟ ਵਿਖੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਮਾਈਕਲ ਗਾਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਸੰਵਿਧਾਨ ਬਚਾਓ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਦੇਸ ਦੀ ਜਨਤਾ ਪ੍ਰਜਾ ਸੀ ਪ੍ਰਭੂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸੰਵਿਧਾਨ ਦਾ ਨਿਰਮਾਣ ਕਰਕੇ ਦੇਸ਼ ਦੀ ਜਨਤਾ ਨੂੰ ਨਾਗਰਿਕ ਹੋਣ ਦਾ ਮਾਣ ਬਖਸ ਕੇ ਰਾਜਨੀਤਕ ਅਧਿਕਾਰ ਦਿੱਤੇ,ਜਿਸ ਲਈ ਦੇਸ ਦੇ ਸਮੁੱਚੇ ਲੋਕਾਂ ਨੂੰ ਉਨ੍ਹਾਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ। ਦੇਸ਼ ਦੀ ਮੋਦੀ ਸਰਕਾਰ ,ਆਰ ਐਸ ਐਸ ਦੀ ਅਗਵਾਈ ਵਿੱਚ ਦੇਸ਼ ਦੇ ਸੰਵਿਧਾਨ ਨੂੰ ਬਦਲ ਕੇ ਲੋਕਾਂ ਨੂੰ ਜਾਤਾਂ ਧਰਮਾਂ ਆਦਿ ਵਿੱਚ ਵੰਡਣ ਲਈ ਤਤਪਰ ਹੈ ।ਜਿਸ ਖ਼ਿਲਾਫ਼ ਕਾਂਗਰਸ ਪਾਰਟੀ ਵੱਲੋਂ ਸਮੁੱਚੇ ਦੇਸ਼ ਅੰਦਰ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਜੀ ਦੀ ਅਗਵਾਈ ਹੇਠ ਲੜਾਈ ਲੜੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਬਿਨ੍ਹਾਂ ਹਥਿਆਰਾਂ ਤੋਂ ਹੀ ਯੁੱਧ ਨਸ਼ਿਆਂ ਵਿਰੁੱਧ ਲੜ ਰਹੀ ਹੈ। ਇਸ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਉੱਪਰ ਆਏ ਦਿਨ ਜਬਰ ਕਰ ਰਹੀ ਹੈ। ਸਿਖਿਆ ਕ੍ਰਾਂਤੀ ਦੇ ਨਾਮ ਤੇ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਦੇ ਸਹਿ ਇੰਚਾਰਜ ਰਵਿੰਦਰ ਡਾਲਵੀ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ,, ਬਿਕਰਮ ਸਿੰਘ ਮੋਫ਼ਰ, ਰਣਵੀਰ ਕੌਰ ਮੀਆਂ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਕੁਲਵੰਤ ਰਾਏ ਸਿੰਗਲਾ, ਗੁਰਪ੍ਰੀਤ ਸਿੰਘ ਵਿੱਕੀ,ਸੱਤਪਾਲ ਸਿੰਘ ਮੂਲੇਵਾਲਾ, ਜੀਵਨ ਦਾਸ ਬਾਵਾ, ਬਲਕੌਰ ਸਿੰਘ ਮੂਸਾ, ਅਮਨ ਸਿੰਗਲਾ ਢੈਪਈ, ਸੁਖਦਰਸ਼ਨ ਸਿੰਘ ਖਾਰਾ, ਬਲਕਰਨ ਸਿੰਘ ਬੱਲੀ ਐਡਵੋਕੇਟ, ਨੇ ਕੇਂਦਰ ਦੀ ਮੋਦੀ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਨੂੰ ਰੱਜ ਕੇ ਸਿਆਸੀ ਰਗੜੇ ਲਗਾਏ।ਬਲਜੀਤ ਸ਼ਰਮਾ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਹਰਪ੍ਰੀਤ ਸਿੰਘ ਪਿਆਰੀ ਜ਼ਿਲ੍ਹਾ ਪ੍ਰਧਾਨ ਐਸ ਸੀ ਸੈੱਲ, ਮਨਜੀਤ ਸਿੰਘ ਮੀਹਾਂ ਆਦਿ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ।, ਪ੍ਰੋਗਰਾਮ ਦੇ ਅਖੀਰ 'ਚ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਮਾਈਕਲ ਗਾਗੋਵਾਲ ਨੇ ਉਮੀਦ ਤੋਂ ਵੱਧ ਰੈਲੀ ਦੀ ਸਫਲਤਾ ਲਈ ਆਗੂਆਂ,ਅਤੇ ਵਰਕਰਾਂ ਨੂੰ ਵਧਾਈ ਦਿੰਦਿਆ ਸਾਰਿਆਂ ਦਾ ਧੰਨਵਾਦ ਵੀ ਕੀਤਾ। ਰੈਲੀ ਦੌਰਾਨ ਹੀ ਸਵ:ਸੁਭਦੀਪ ਸਿੰਘ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੱਲੋਂ ਆਗਾਮੀ ਚੋਣਾਂ ਦੌਰਾਨ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਵੀ ਕੀਤਾ ਗਿਆ। ਇਸ ਮੌਕੇ ਨਵੀਨ ਕਾਲਾ ਬੋਹਾ, ਬਲਵੰਤ ਸਿੰਘ ਕੇਰਵਾਲਾ, ਅਮਰੀਕ ਸਿੰਘ ਝੁਨੀਰ, ਸੁਰੇਸ਼ ਨੰਦਗੜ੍ਹੀਆ, ਬਿੱਟੂ ਭੁਪਾਲ,ਹਰਪ੍ਰੀਤ ਸਿੰਘ ਪਿਆਰੀ ਜ਼ਿਲ੍ਹਾ ਪ੍ਰਧਾਨ ਐਸ ਸੀ ਸੈੱਲ, ਨੇਮ ਕੁਮਾਰ ਨੇਮਾ ਐਮ ਸੀ, ਰਿੰਪੀ ਬਰਾੜ ਸਰਦੂਲਗੜ੍ਹ, ਤਰਜੀਤ ਸਿੰਘ ਚਹਿਲ, ਹਰਵਿੰਦਰ ਸਿੰਘ ਸਵੀਟੀ ਬੁਢਲਾਡਾ, ਅੰਮ੍ਰਿਤਪਾਲ ਸਿੰਘ ਕੂਕਾ, ਹਰਵਿੰਦਰ ਭਾਰਦਵਾਜ, ਸਿਮਰਨਜੀਤ ਸਿੰਘ ਮਾਨਸ਼ਾਹੀਆ ,ਅੰਮ੍ਰਿਤਪਾਲ ਸਿੰਘ ਗੋਗਾ, ਹੰਸਾ ਸਿੰਘ, ਸੰਦੀਪ ਮਹਿਤਾ ਭੀਖੀ, ਕਮਲ ਚੂਨੀਆਂ, ਬੂਟਾ ਸਿੰਘ ਕੱਲੋ, ਸੁਖਦੇਵ ਸਿੰਘ ਉਭਾ, ਆਦਿ ਆਗੂ ਅਤੇ ਵਰਕਰ ਵੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਦੇ ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਮਿਲਿਆ ਪਦਮ ਸ਼੍ਰੀ ਐਵਾਰਡ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਪਟਿਆਲਾ, 28 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ) ਪੰਜਾਬੀ ਯੂਨੀਵਰਸਿਟੀ ਲਈ ਖੁਸ਼ੀ ਵਾਲੀ ਗੱਲ ਹੈ ਕਿ ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ ਐਵਾਰਡ ਹਾਸਿਲ ਹੋਇਆ ਹੈ। ਉਪ-ਕੁਲਪਤੀ ਡਾ.ਜਗਦੀਪ ਸਿੰਘ ਨੇ ਇਸ ਪ੍ਰਾਪਤੀ ਉੱਤੇ ਖੁਸ਼ੀ ਪ੍ਰਗਟਾਉਂਦਿਆਂ ਖਿਡਾਰੀ ਹਰਵਿੰਦਰ ਸਿੰਘ, ਉਸ ਦੇ ਕੋਚ ਅਤੇ ਖੇਡ ਵਿਭਾਗ ਨੂੰ ਵਿਸ਼ੇਸ਼ ਤੌਰ ਉੱਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਸ ਪੱਧਰ ਦੀਆਂ ਪ੍ਰਾਪਤੀਆਂ ਆਪਣੇ ਆਪ ਵਿੱਚ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬੀ ਯੂਨੀਵਰਸਿਟੀ ਸਿਰਫ਼ ਅਕਾਦਮਿਕ ਪੱਖੋਂ ਨਹੀਂ ਬਲਕਿ ਖੇਡਾਂ ਜਿਹੇ ਹੋਰਾਂ ਖੇਤਰਾਂ ਵਿੱਚ ਵੀ ਵੱਡੇ ਮਾਅਰਕੇ ਮਾਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰਵਿੰਦਰ ਸਿੰਘ ਨੇ ਆਪਣੀ ਇਸ ਪ੍ਰਾਪਤੀ ਨਾਲ ਜਿੱਥੇ ਪੰਜਾਬੀ ਯੂਨੀਵਰਸਿਟੀ ਦਾ ਨਾਮ ਦੁਨੀਆਂ ਭਰ ਵਿੱਚ ਰੋਸ਼ਨ ਕੀਤਾ ਹੈ ਉੱਥੇ ਹੀ ਉਹ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਬਣਿਆ ਹੈ।ਯੂਨੀਵਰਸਿਟੀ ਤੋਂ ਖੇਡ ਵਿਭਾਗ ਦੇ ਡਾਇਰੈਕਟਰ ਡਾ.ਗੁਰਦੀਪ ਕੌਰ ਰੰਧਾਵਾ ਨੇ ਵਧਾਈ ਦਿੰਦਿਆਂ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਯੂਨੀਵਰਸਿਟੀ ਦੇ ਕਿਸੇ ਖਿਡਾਰੀ ਨੂੰ ਇਹ ਵੱਕਾਰੀ ਐਵਾਰਡ ਹਾਸਿਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹਰਵਿੰਦਰ ਸਿੰਘ ਦੇ ਕੋਚ ਜੀਵਨਜੋਤ ਸਿੰਘ ਤੇਜਾ ਵੀ ਦ੍ਰੋਣਾਚਾਰੀਆ ਐਵਾਰਡ ਜੇਤੂ ਹਨ।

ਜ਼ਿਕਰਯੋਗ ਹੈ ਕਿ ਹਰਵਿੰਦਰ ਸਿੰਘ ਨੇ ਹਾਲ ਹੀ ਵਿੱਚ ਪੈਰਿਸ ਵਿਖੇ ਹੋਈਆਂ ਪੈਰਾ-ਓਲੰਿਪਕ ਖੇਡਾਂ ਵਿੱਚ ਸੋਨ ਤਗਮਾ ਜਿੱਤਿਆ ਸੀ। ਉਹ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿਖੇ ਪੀ.ਐੱਚ.ਡੀ.ਖੋਜਾਰਥੀ ਵਜੋਂ ਆਪਣਾ ਖੋਜ ਕਾਰਜ ਕਰ ਰਿਹਾ ਹੈ। ਹਰਵਿੰਦਰ ਸਿੰਘ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਵਸਨੀਕ ਹੈ। 2020 ਦੌਰਾਨ ਜਪਾਨ ਦੇ ਟੋਕੀਓ ਵਿੱਚ ਹੋਈਆਂ ਪੈਰਾ-ਓਲੰਿਪਕ ਖੇਡਾਂ ਦੌਰਾਨ ਉਸ ਨੇ ਕਾਂਸੀ ਤਗਮਾ ਜਿੱਤਿਆ ਸੀ। 2018 ਵਿੱਚ ਉਸ ਨੇ ਜਕਾਰਤਾ ਵਿਖੇ ਹੋਈਆਂ ਏਸ਼ੀਅਨ ਪੈਰਾ ਖੇਡਾਂ ਵਿੱਚ ਵੀ ਸੋਨ ਤਗਮਾ ਜਿੱਤਿਆ ਸੀ।ਡੀਨ ਅਕਾਦਮਿਕ ਮਾਮਲੇ ਪ੍ਰੋ.ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ.ਸੰਜੀਵ ਪੁਰੀ ਤੋਂ ਇਲਾਵਾ ਤੀਰਅੰਦਾਜ਼ੀ ਕੋਚ ਸੁਰਿੰਦਰ ਸਿੰਘ ਰੰਧਾਵਾ ਅਤੇ ਗੌਰਵ ਸ਼ਰਮਾ ਵੱਲੋਂ ਵੀ ਉਸ ਨੂੰ ਵਧਾਈ ਦਿੱਤੀ ਗਈ।

# ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਵਲੋਂ ਐਸਜੀਪੀਸੀ ਦੇ ਇਲੈਕਸ਼ਨ ਵਾਸਤੇ 11 ਮੈਂਬਰੀ ਕਮੇਟੀ ਬਣਾਈ ਜਾਵੇਗੀ : ਹਰਦੇਵ ਸਿੰਘ ਕੌਂਸਲ

## • ਚਰਨਜੀਤ ਸਿੰਘ ਝੰਡੇਆਣਾ ਨੂੰ ਮੀਤ ਪ੍ਰਧਾਨ ਭਾਰਤ ਅਤੇ ਗਿਆਨ ਸਿੰਘ ਸਾਬਕਾ ਡੀਪੀਆਰਓ ਨੂੰ ਵਰਲਡ ਜਰਨਲਿਸਟ ਕਮ ਟਰੱਸਟੀ ਕੀਤਾ ਨਿਯੁਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ , 28 ਮਈ ( ਤਰਸੇਮ ਦੀਵਾਨਾ ) ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਦੀ ਪ੍ਰਭਾਵਸ਼ਾਲੀ ਮੀਟਿੰਗ ਮੋਗਾ ਵਿਖੇ ਹੋਈ ਜਿਸ ਵਿੱਚ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਮੇਲ ਸਿੰਘ ਡਰੋਲੀ ਅਤੇ ਸਾਬਕਾ ਪ੍ਰਧਾਨ ਰਾਜਾ ਸਿੰਘ ਭਾਰਤਵਾਲੇ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਅਹਿਮ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ | ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਟਰੱਸਟ ਦੇ ਚੇਅਰਮੈਨ ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ, ਹਰਬੰਸ ਸਿੰਘ ਟਾਂਡਾ ਮੀਤ ਪ੍ਰਧਾਨ ਆਰਐਸਓ ਪੰਜਾਬ ਅਤੇ ਟਰੱਸਟ ਪ੍ਰਧਾਨ, ਲਖਵੀਰ ਸਿੰਘ ਦਸੂਹਾ ਜ਼ਿਲ੍ਹਾ ਮੀਤ ਪ੍ਰਧਾਨ, ਦਵਿੰਦਰ ਸਿੰਘ ਘੋਗਰਾ ਜਨਰਲ ਸਕੱਤਰ ਅਤੇ ਯੂਥ ਆਗੂ ਗੁਰਸੇਵਕ ਸਿੰਘ ਕੌਂਸਲ ਸ਼ਾਮਿਲ ਹੋਏ |

ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਚੇਅਰਮੈਨ ਨੇ ਰਾਮਗੜ੍ਹੀਆ ਭਾਈਚਾਰੇ ਦੀ ਬੇਹਤਰੀ ਅਤੇ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਵਿਰਾਸਤੀ ਅਸਥਾਨ ਇਤਿਹਾਸਿਕ ਕਿਲ੍ਹਾ ਸਿੰਘਪੁਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ | ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਪੰਜਾਬ ਅੰਦਰ ਇੱਕ 11 ਮੈਂਬਰੀ ਕਮੇਟੀ ਬਣਾਈ ਜਾਵੇਗੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਮੀਖਿਆ ਕਰੇਗੀ ਅਤੇ ਸਮਾਂ ਆਉਣ ਤੇ ਢੁਕਵਾਂ ਫੈਸਲਾ ਲਵੇਗੀ। ਇਸ ਮੌਕੇ ਮੋਗੇ ਤੋਂ ਦੋ ਸਖਸ਼ੀਅਤਾਂ ਨੂੰ ਰਾਮਗੜ੍ਹੀਆ ਸਿੱਖ ਔਰਗਨਾਈਜੇਸ਼ਨ 'ਚ ਸ਼ਾਮਲ ਕੀਤਾ ਗਿਆ ਜਿਸ ਵਿੱਚ ਚਰਨਜੀਤ ਸਿੰਘ ਝੰਡੇਆਣਾ ਨੂੰ ਮੀਤ ਪ੍ਰਧਾਨ ਇੰਡੀਆ ਅਤੇ ਗਿਆਨ ਸਿੰਘ ਸਾਬਕਾ ਡੀਪੀਆਰਓ ਨੂੰ ਵਰਲਡ ਜਰਨਲਿਸਟ ਕਮ ਮੀਡੀਆ ਟਰੱਸਟੀ ਨਿਯੁਕਤ ਕਰਕੇ ਨਿਯੁਕਤੀ ਪੱਤਰ ਦਿੱਤੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਮੋਗਾ ਦੇ ਪ੍ਰਧਾਨ ਹਰਮੇਲ ਸਿੰਘ ਡਰੋਲੀ ਅਤੇ ਸਾਬਕਾ ਪ੍ਰਧਾਨ ਰਾਜਾ ਸਿੰਘ ਨੇ ਕਿਹਾ ਕਿ ਰਾਮਗੜ੍ਹੀਆ ਕੌਮ ਦੀ ਬੇਹਤਰੀ ਲਈ ਸਾਰੀਆਂ ਸੰਸਥਾਵਾਂ ਲਈ ਵੱਡਾ ਪਲੇਟਫਾਰਮ ਪ੍ਰਦਾਨ ਕਰਨ ਲਈ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਵੱਲੋਂ ਹਰਦੇਵ ਸਿੰਘ ਕੌਂਸਲ ਦੀ ਅਗਵਾਈ ਵਿੱਚ ਸ਼ਾਨਦਾਰ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਨੂੰ ਮੋਗਾ ਦੀਆਂ ਰਾਮਗੜ੍ਹੀਆ ਸੰਸਥਾਵਾਂ ਵੱਲੋਂ ਭਰਵਾਂ ਸਮਰਥਨ ਅਤੇ ਹੁੰਘਾਰਾ ਦਿੱਤਾ ਜਾ ਰਿਹਾ ਹੈ | ਉਨ੍ਹਾਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ | ਇਸ ਮੌਕੇ ਮੋਗੇ ਦੀਆਂ ਸੰਸਥਾਵਾਂ ਵੱਲੋਂ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਅਤੇ ਸਮੁੱਚੀ ਟੀਮ ਨੂੰ ਸਨਮਾਨਿਤ ਕੀਤਾ ਗਿਆ| ਇਸ ਮੌਕੇ ਸੋਹਣ ਸਿੰਘ ਸੱਗੂ ਸਰਪਰੱਸਤ, ਚੰਮਕੌਰ ਸਿੰਘ ਝੰਡੇਆਣਾ ਅਤੇ ਪ੍ਰਿਤਪਾਲ ਸਿੰਘ ਉਕਾਂਰਵਾਲੇ ਸਾਬਕਾ ਪ੍ਰਧਾਨ, ਕੁਲਵੰਤ ਸਿੰਘ ਰਾਮਗੜ੍ਹੀਆ ਚੇਅਰਮੈਨ ਰਾਮਗੜ੍ਹੀਆ ਸੰਗਠਨ, ਕੁਲਵੰਤ ਸਿੰਘ ਭਾਰਤਵਾਲੇ, ਹਰਦੀਪ ਸਿੰਘ ਜੰਡੂ, ਬਲਦੇਵ ਸਿੰਘ ਸੈਂਭੀ, ਦਵਿੰਦਰ ਸਿੰਘ ਘੜਿਆਲ, ਸ਼ਰਨਜੀਤ ਸਿੰਘ ਜੰਡੂ, ਚਰਨਜੀਤ ਸਿੰਘ ਅਤੇ ਹਾਕਮ ਸਿੰਘ ਖੋਸਾ ਸਾਮਲ ਸਨ। ਇਸ ਉਪਰੰਤ ਨਵੇਂ ਬਣੇ ਗੁਰਦੁਆਰਾ ਸਾਹਿਬ ਦੇ ਵੱਡਾ ਦੀਵਾਨ ਹਾਲ ,ਰਿਹਾਇਸ਼ੀ ਕਮਰੇ, ਜੀ ਟੀ ਰੋਡ ਤੇ ਲੱਗੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਬੁੱਤ ਅਤੇ ਚੌਕ ਵਿੱਚ ਬਣਿਆ ਪਾਰਕ ਦਿਖਾਇਆ ਗਿਆ | ਇਸ ਮੌਕੇ ਹਰਦੇਵ ਸਿੰਘ ਕੌਂਸਲ ਅਤੇ ਮੈਂਬਰਾਂ ਵਲੋ ਸਾਰੇ ਪ੍ਰਬੰਧਕਾਂ ਦਾ ਸਨਮਾਨ ਕੀਤਾ ਗਿਆ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਰਿਹਾਈ ਲਈ ਨਵਾਂਸ਼ਹਿਰ ਵਿਚ ਮੁਜਾਹਰਾ 2 ਜੂਨ ਨੂੰ

## ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਹਲਾਂ ਵਿਚ ਬੰਦ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) 20 ਮਈ ਨੂੰ ਜਿਲਾ ਸੰਗਰੂਰ ਦੇ ਬੇਚਿਰਾਗ ਪਿੰਡ ਐਸਵਾਨ ਬੀੜ ਜਮੀਨ ਉੱਤੇ ਬੇਗਮਪੁਰਾ ਵਸਾਉਣ ਵਸਾਉਣ ਦਾ ਐਲਾਨ ਕਰਨ ਵਾਲੀ 'ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਪੰਜਾਬ ਦੇ ਜਿਲਾ ਹੈੱਡਕੁਆਰਟਰਾਂ ਉੱਤੇ ਮੁਜਾਹਰੇ ਕਰਨ ਦੇ ਸੱਦੇ ਤਹਿਤ ਮਜਦੂਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਰੋਹ ਭਰਪੂਰ ਮੁਜਾਹਰਾ ਕੀਤਾ ਜਾਵੇਗਾ ।ਮੁਜਾਹਰੇ ਤੋਂ ਪਹਿਲਾਂ ਸਵੇਰੇ 9 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕੀਤੀ ਜਾਵੇਗੀ।ਇਹ ਫੈਸਲਾ ਅੱਜ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮਜਦੂਰ ਜਥੇਬੰਦੀਆਂ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਨੇ ਦੱਸਿਆ ਕਿ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਇਹ ਐਲਾਨ ਕੀਤਾ ਹੋਇਆ ਸੀ ਕਿ 20 ਮਈ ਨੂੰ ਜਿਲਾ ਸੰਗਰੂਰ ਦੇ ਐਸਵਾਨ ਬੀੜ ਦੀ 927 ਏਕੜ ਜਮੀਨ ਮਜਦੂਰਾਂ ਵਿਚ ਵੰਡਕੇ ਉੱਥੇ ਬੇਗਮ ਪੁਰਾ ਵਸਾਇਆ ਜਾਵੇਗਾ।ਪੰਜਾਬ ਦੀ ਮਾਨ ਸਰਕਾਰ ਦੀ ਪੁਲਸ ਨੇ ਪਿੰਡਾਂ ਵਿਚ ਛਾਪੇਮਾਰੀ ਕਰਕੇ ਅਤੇ ਨਾਕੇ ਲਾਕੇ ਕਮੇਟੀ ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਜੇਹਲਾਂ ਵਿਚ ਬੰਦ ਕਰ ਦਿੱਤਾ ਜਿਹਨਾਂ ਵਿਚ ਮਜਦੂਰ ਔਰਤਾਂ ਵੱਡੀ ਗਿਣਤੀ ਵਿਚ ਸ਼ਾਮਲ ਹਨ।ਇੱਥੇ ਹੀ ਬਸ ਨਹੀਂ ਬੀਤੇ ਕੱਲ ਵੀ ਪੁਲਸ ਨੇ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੇ ਘਰ ਦੇ ਜਿੰਦਰੇ ਤੋੜਕੇ ਤਲਾਸ਼ੀ ਲਈ ਅਤੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਸ ਮੀਟਿੰਗ ਨੂੰ ਕਾਮਰੇਡ ਨਿਰੰਜਣ ਦਾਸ, ਕੁੱਲ ਹਿੰਦ ਮਜਦੂਰ ਸਭਾ ਦੇ ਆਗੂ ਪਰਮਿੰਦਰ ਮੇਨਕਾ, ਸੰਤੋਖ ਪਾਲ,ਗੁਰਬਖਸ਼ ਕੌਰ,ਧਰਮ ਪਾਲ,ਸਰਾਧੂ ਰਾਮ,ਪੰਜਾਬ ਖੇਤ ਮਜਦੂਰ ਸਭਾ ਦੇ ਆਗੂ ਸੁਰਿੰਦਰ ਭੱਟੀ, ਸੁਖਦੇਵ ਸਿੰਘ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਸੂਬੇ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਤੋਂ ਵਾਧੂ ਜਮੀਨ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਵਿਚ ਵੰਡੇ।

# ਇਕ ਦਿਨ ਐਸ.ਐਸ.ਪੀ ਦੇ ਨਾਲ, ਵਰਦੀ ਤੋਂ ਪ੍ਰੇਰਨਾ - ਟੌਪਰਾਂ ਨੇ ਦੇਖਿਆ ਪੁਲਿਸ ਸੇਵਾ ਦਾ ਅਸਲੀ ਚਿਹਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਖ਼ਤ ਮਿਹਨਤ ਅਤੇ ਲਗਨ ਨਾਲ ਬਾਰ੍ਹਵੀਂ ਕਲਾਸ ਵਿੱਚ ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਸਥਾਨ ਹਾਸਲ ਕਰਨ ਵਾਲੇ ਤਿੰਨ ਹੋਣਹਾਰ ਵਿਦਿਆਰਥੀਆ ਨੇ ਅੱਜ ਪੰਜਾਬ ਸਰਕਾਰ ਦੀ ਵਿਲੱਖਣ ਪਹਿਲ 'ਇਕ ਦਿਨ ਐਸ.ਐਸ.ਪੀ ਦੇ ਨਾਲ' ਪ੍ਰੋਗਰਾਮ ਤਹਿਤ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨਾਲ ਪੂਰਾ ਦਿਨ ਬਿਤਾਇਆ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਪੁਲਿਸ ਸੇਵਾ ਦੀ ਕਾਰਜਸ਼ੈਲੀ, ਅਨੁਸ਼ਾਸਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ। ਦਿਨ ਦੀ ਸ਼ੁਰੂਆਤ ਐਸ.ਐਸ.ਪੀ ਦਫ਼ਤਰ ਵਿਖੇ ਚਾਹ ਅਤੇ ਗੱਲਬਾਤ ਸੈਸ਼ਨ ਨਾਲ ਹੋਈ। ਐਸ.ਐਸ.ਪੀ.



ਮਲਿਕ ਨੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਨਾ ਸਿਰਫ਼ ਪੁਲਿਸ ਸੇਵਾ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ, ਸਗੋਂ ਆਪਣੇ ਨਿੱਜੀ ਜੀਵਨ, ਵਿਦਿਆਰਥੀ ਦਿਨਾਂ ਅਤੇ ਆਈ.ਪੀ.ਐਸ ਬਣਨ ਦੀ ਯਾਤਰਾ ਵੀ ਸਾਂਝੀ ਕੀਤੀ। ਇਸ ਖੁੱਲ੍ਹੇ ਅਤੇ ਸੁਭਾਵਿਕ ਗੱਲਬਾਤ ਨੇ ਵਿਦਿਆਰਥੀਆਂ ਨੂੰ ਪੁਲਿਸ ਅਧਿਕਾਰੀ ਦੇ ਮਨੁੱਖੀ ਪੱਖ ਤੋਂ ਵੀ ਜਾਣੂ ਕਰਵਾਇਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਪੁਲਿਸ ਵਿਭਾਗ ਦੇ ਵੱਖ-ਵੱਖ ਕੇਂਦਰਾਂ ਜਿਵੇਂ ਕਿ ਕੰਟਰੋਲ ਰੂਮ, ਸਾਈਬਰ ਸੁਰੱਖਿਆ ਸੈੱਲ, ਮਹਿਲਾ ਸੈੱਲ, ਸਟੋਰੇਜ ਰੂਮ, ਸਾਂਝਾ ਕੇਂਦਰ, ਹਿਰਾਸਤ ਸੈੱਲ ਦਾ ਦੌਰਾ ਕਰਵਾਇਆ ਗਿਆ। ਉਨ੍ਹਾਂ ਦੇਖਿਆ ਕਿ ਕਿਸ ਤਰ੍ਹਾਂ ਪੁਲਿਸ ਫੋਰਸ 24 ਘੰਟੇ ਸ਼ਹਿਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਹੈ। ਵਿਦਿਆਰਥੀਆਂ ਨੂੰ ਕੇਸ ਹੈਂਡਲਿੰਗ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਦਾ ਪਹਿਲਾ ਹੱਥ ਅਨੁਭਵ ਮਿਲਿਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਜਨਤਕ ਸੁਣਵਾਈ ਸੈਸ਼ਨ ਵਿੱਚ ਹਿੱਸਾ ਲੈਣ ਦਾ ਮੌਕਾ ਵੀ ਮਿਲਿਆ ਜਿੱਥੇ ਉਨ੍ਹਾਂ ਨੇ ਆਮ ਨਾਗਰਿਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਦੀ ਪ੍ਰਕਿਰਿਆ ਨੂੰ ਸਮਝਿਆ। ਇਹ ਤਜਰਬਾ ਉਨ੍ਹਾਂ ਨੂੰ ਇਹ ਸਮਝਣ ਲਈ ਕਾਫ਼ੀ ਸੀ ਕਿ ਪੁਲਿਸ ਦੀ ਭੂਮਿਕਾ ਸਿਰਫ਼ ਕਾਨੂੰਨ ਵਿਵਸਥਾ ਬਣਾਈ ਰੱਖਣ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਇੱਕ ਸੰਵੇਦਨਸ਼ੀਲ ਅਤੇ ਜਵਾਬਦੇਹ ਸੇਵਾ ਹੈ। ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ, ਨੈਤਿਕਤਾ ਅਤੇ ਸਮਾਜ ਸੇਵਾ ਨੂੰ ਆਪਣੇ ਜੀਵਨ ਦਾ ਮੂਲ ਮੰਤਰ ਬਣਾਉਣ ਲਈ ਪ੍ਰੇਰਿਤ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵਾੜਾ ਸੈਕਟਰ-1 ਦੇ ਵਿਦਿਆਰਥੀ ਅਨੁਜ ਕੁਮਾਰ, ਅਮਰ ਗੁਪਤਾ ਅਤੇ ਨੌਂਵਾਂ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਪੁਨਿਕਾ ਨੇ ਇਸ ਅਨੁਭਵ ਨੂੰ ਅੱਖਾਂ ਖੋਲ੍ਹਣ ਵਾਲਾ ਅਤੇ ਜੀਵਨ ਬਦਲਣ ਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਉਸਦੇ ਲਈ ਇਹ ਅਨੁਭਵ ਨਾ ਸਿਰਫ਼ ਅਕਾਦਮਿਕ ਸਫਲਤਾ ਦਾ ਸਬੂਤ ਹੈ ਬਲਕਿ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਵੀ ਦਿੰਦਾ ਹੈ।

# ਨਵਾਂਸ਼ਹਿਰ ਦੇ ਚੰਦਨਦੀਪ ਨੇ ਬੰਗਲਾਦੇਸ਼ ਵਿੱਚ ਮੁੱਕੇਬਾਜ਼ੀ ਵਿੱਚ ਚਾਂਦੀ ਦਾ ਤਗਮਾ ਜਿੱਤਿਆ

## ਡਿਪਟੀ ਕਮਿਸ਼ਨਰ ਨੇ ਵਧਾਈ ਦਿੱਤੀ, ਖੇਡ ਵਿਭਾਗ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਹੋਏ ਅੰਤਰਰਾਸ਼ਟਰੀ ਮੁੱਕੇਬਾਜ਼ੀ ਮੈਚਾਂ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਾਲੇ ਸਥਾਨਕ ਨਿਵਾਸੀ ਚੰਦਨਦੀਪ ਸਿੰਘ ਨੂੰ ਨਵਾਂਸ਼ਹਿਰ ਵਾਪਸ ਆਉਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਉਸਨੂੰ ਸਭ ਤੋਂ ਵਧੀਆ ਦਿੱਤਾ ਹੈ। ਮੁੱਕੇਬਾਜ਼ੀ ਵਿੱਚ ਹੋਰ ਉਚਾਈਆਂ 'ਤੇ ਪਹੁੰਚਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫ਼ਤਰ ਵਿੱਚ ਚੰਦਨਦੀਪ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਿਡਾਰੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਤਗਮੇ ਜਿੱਤ ਕੇ ਪੂਰੇ ਜ਼ਿਲ੍ਹੇ ਦਾ ਮਾਣ ਵਧਾਇਆ



ਹੈ। ਉਨ੍ਹਾਂ ਚੰਦਨਦੀਪ ਸਿੰਘ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਅਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਉਨ੍ਹਾਂ ਖਿਡਾਰੀ ਚੰਦਨਦੀਪ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਜੋ ਵੀ ਸਹੂਲਤ ਦਿੱਤੀ ਜਾ ਰਹੀ ਹੈ, ਉਸਦਾ ਪੂਰਾ ਲਾਭ ਉਠਾਉਣ, ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਾਮ ਰੱਖਿਆ ਜਾਵੇ। ਚੰਦਨਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਬੀ. .. ਉਹ ਭਾਗ ਤਿੰਨ ਦਾ ਵਿਦਿਆਰਥੀ ਹੈ ਅਤੇ 24 ਮਈ ਨੂੰ ਚਾਂਦੀ ਦਾ ਤਗਮਾ ਜਿੱਤ ਕੇ ਘਰ ਪਰਤਿਆ ਹੈ। ਚੰਦਨਦੀਪ ਸਿੰਘ ਨੇ ਕਿਹਾ ਕਿ ਉਸਨੇ 70 ਕਿਲੋਗ੍ਰਾਮ ਭਾਰ ਵਰਗ ਵਿੱਚ ਹਿੱਸਾ ਲਿਆ ਅਤੇ ਚਾਂਦੀ ਦਾ ਤਗਮਾ ਜਿੱਤਿਆ। ਜ਼ਿਲ੍ਹਾ ਖੇਡ ਅਧਿਕਾਰੀ ਵੰਦਨਾ ਚੌਹਾਨ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡ ਵਿਭਾਗ ਸਮੇਂ-ਸਮੇਂ 'ਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਪ੍ਰਸਾਰ ਅਤੇ ਖਿਡਾਰੀਆਂ ਦੇ ਸਰਵਪੱਖੀ ਵਿਕਾਸ ਲਈ ਅਮਿੱਟ ਕਦਮ ਚੁੱਕ ਰਹੀ ਹੈ ਜਿਸ ਤਹਿਤ ਮੌਜੂਦਾ ਵਿੱਤੀ ਸਾਲ ਵਿੱਚ 'ਖੇਡਾ ਪੰਜਾਬ, ਬਦਲਦਾ ਪੰਜਾਬ' ਦੇ ਵਿਜ਼ਨ ਨੂੰ ਪੂਰਾ ਕਰਨ ਲਈ 979 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਜਾਰੀ ਕੀਤੀ ਜਾਣ ਵਾਲੀ ਰਕਮ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਖਿਡਾਰੀਆਂ ਨੂੰ ਇੱਕ ਰਚਨਾਤਮਕ ਮਾਹੌਲ ਅਤੇ ਉਨ੍ਹਾਂ ਦੇ ਖੇਡ ਵਿੱਚ ਅੱਗੇ ਵਧਣ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਚੰਦਨਦੀਪ ਸਿੰਘ (23) ਨੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦਾ ਉਨ੍ਹਾਂ ਦੇ ਹੌਸਲੇ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਦੀ 'ਖੇਡਾ ਵਤਨ ਪੰਜਾਬ ਦੀ' ਪਹਿਲਕਦਮੀ ਨੇ ਉਨ੍ਹਾਂ ਦੀ ਖੇਡ ਭਾਵਨਾ ਨੂੰ ਬਹੁਤ ਮਜ਼ਬੂਤ ਕੀਤਾ ਕਿਉਂਕਿ ਉਸਨੇ ਇਨ੍ਹਾਂ ਖੇਡਾਂ ਵਿੱਚ ਵੀ ਚਾਂਦੀ ਦੇ ਤਗਮੇ ਜਿੱਤੇ ਹਨ। ਉਸਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਸਖ਼ਤ ਮਿਹਨਤ ਕਰਕੇ ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਜਿੱਤਾਂ ਦਰਜ ਕਰਨ ਲਈ ਉਤਸੁਕ ਹੈ। ਉਸਨੇ ਕਿਹਾ ਕਿ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਉਸਦੇ ਕੋਚ ਜਸਕਰਨ ਸਿੰਘ ਨੇ ਉਸਨੂੰ ਮੁਕਾਬਲਿਆਂ ਲਈ ਚੰਗੀ ਤਰ੍ਹਾਂ ਤਿਆਰ ਕੀਤਾ, ਜਿਸਦੇ ਨਤੀਜੇ ਵਜੋਂ ਉਹ ਚਾਂਦੀ ਦਾ ਤਗਮਾ ਜੇਤੂ ਬਣਿਆ। ਇਸ ਮੌਕੇ ਚੰਦਨਦੀਪ ਸਿੰਘ ਦੇ ਪਿਤਾ ਇੰਦਰਜੀਤ ਸਿੰਘ, ਕੋਚ ਗੁਰਪ੍ਰੀਤ ਸਿੰਘ ਆਦਿ ਵੀ ਮੌਜੂਦ ਸਨ।

# ਪੰਜਾਬੀਅਤ ਦੇ ਪ੍ਰਸਾਰ ਪੱਖੋਂ ਅੰਤਰ ਰਾਸ਼ਟਰੀ ਵਿਦਿਆਰਥੀ ਬਣਨਗੇ ਦੁਨੀਆਂ ਭਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਦੂਤ: ਉਪ-ਕੁਲਪਤੀ ਡਾ. ਜਗਦੀਪ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ, 28 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹਦੇ ਅੰਤਰ ਰਾਸ਼ਟਰੀ ਵਿਦਿਆਰਥੀ ਯੂਨੀਵਰਸਿਟੀ ਦੇ 'ਪੰਜਾਬੀਅਤ' ਦੇ ਪ੍ਰਸਾਰ ਸਬੰਧੀ ਮਿਸ਼ਨ ਦਾ ਦੁਨੀਆਂ ਭਰ ਵਿੱਚ ਪ੍ਰਸਾਰ ਕਰਨ ਪੱਖੋਂ ਯੂਨੀਵਰਸਿਟੀ ਦੇ ਦੂਤ ਵੀ ਹਨ। ਇਹ ਵਿਚਾਰ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ.ਜਗਦੀਪ ਸਿੰਘ ਨੇ ਅੱਜ ਇੱਥੇ ਡਾਇਰੈਕਟੋਰੇਟ, ਅੰਤਰਰਾਸ਼ਟਰੀ ਮਾਮਲੇ ਵੱਲੋਂ ਕਰਵਾਏ ਗਏ 'ਪੰਜਾਬ ਸੰਵਾਦ' ਨਾਮਕ ਪ੍ਰੋਗਰਾਮ ਦੌਰਾਨ ਪ੍ਰਗਟਾਏ। ਮਾਨਸਿਕ ਸਿਹਤ ਦੇ ਵਿਸ਼ੇ ਉੱਤੇ ਕਰਵਾਏ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਡਾ.ਜਗਦੀਪ ਸਿੰਘ ਨੇ



ਕਿਹਾ ਕਿ ਵਿਦੇਸ਼ਾਂ ਤੋਂ ਪੰਜਾਬੀ ਯੂਨੀਵਰਸਿਟੀ ਪੜ੍ਹਨ ਲਈ ਆਉਂਦੇ ਇਹ ਵਿਦਿਆਰਥੀ ਭਵਿੱਖ ਵਿੱਚ ਦੁਨੀਆਂ ਭਰ ਦੇ ਦੇਸਾਂ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨਗੇ। ਉਨ੍ਹਾਂ ਅੰਤਰ ਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਭਾਵੇਂ ਕਿਸੇ ਵੀ ਕੋਰਸ ਵਿੱਚ ਦਾਖ਼ਲ ਹੋਣ ਪਰ ਆਮ ਬੋਲਚਾਲ ਸਬੰਧੀ ਪੰਜਾਬੀ ਭਾਸ਼ਾ ਦੇ ਕੁੱਝ ਸ਼ਬਦ ਅਤੇ ਫ਼ਿਕਰੇ ਜ਼ਰੂਰ ਸਿੱਖਣ ਤਾਂ ਕਿ ਉਹ ਆਪੋ ਆਪਣੇ ਦੇਸ ਵਾਪਸ ਪਰਤ ਕੇ ਇਨ੍ਹਾਂ ਸ਼ਬਦਾਂ ਅਤੇ ਫਿਕਰਿਆਂ ਦਾ ਇਸਤੇਮਾਲ ਕਰ ਸਕਣ। ਸੈਮੀਨਾਰ ਦੇ ਵਿਸ਼ੇ ਸਬੰਧੀ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੇ ਦੌਰ ਵਿੱਚ ਨੌਜਵਾਨਾਂ ਨੂੰ ਆਪਣੀ ਮਾਨਸਿਕ ਸਿਹਤ ਦਾ ਖ਼ਿਆਲ ਰੱਖਣਾ ਹੁਣ ਹੋਰ ਵੀ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨਸਿਕ ਸਿਹਤ ਦੇ ਵਿਸ਼ੇ ਨੂੰ ਯੂ.ਜੀ.ਸੀ. ਸਮੇਤ ਵੱਖ-ਵੱਖ ਵੱਕਾਰੀ ਅਦਾਰਿਆਂ ਨੇ ਵੀ ਗੰਭੀਰਤਾ ਨਾਲ਼ ਲੈਣਾ ਸ਼ੁਰੂ ਕਰ ਦਿੱਤਾ ਹੈ, ਜੋ ਕਿ ਸਮੇਂ ਦੀ ਲੋੜ ਅਤੇ ਸਲਾਹੁਣਯੋਗ ਕਦਮ ਹੈ। ਇਸ ਪ੍ਰੋਗਰਾਮ ਵਿੱਚ ਵਿਸ਼ੇ ਸਬੰਧੀ ਵਿਚਾਰ ਪ੍ਰਗਟਾਉਣ ਵਾਲ਼ੇ ਮਾਹਿਰਾਂ ਵਿੱਚ ਰਾਜਿੰਦਰਾ ਹਸਪਤਾਲ ਤੋਂ ਡਾ.ਪਰਵਜੋਤ ਕੌਰ, ਇੰਸਟੀਚੂਟ ਫ਼ਾਰ ਕਨਫਲਿਕਟ ਮੈਨੇਜਮੈਂਟ, ਦਿੱਲੀ ਦੇ ਡਾਇਰੈਕਟਰ ਡਾ.ਅਜੈ ਸਾਹਨੀ, ਪੀ.ਜੀ.ਆਈ.ਚੰਡੀਗੜ੍ਹ ਤੋਂ ਡਾ. ਪੌਰੀਮਿਤਾ ਸੀ.ਗਗੋਈ ਅਤੇ ਚੰਡੀਗੜ੍ਹ ਤੋਂ ਕਾਰਪੋਰੇਟ ਟਰੇਨਰ ਡਾ.ਸ਼ਿਲਪਾ ਸੂਰੀ ਸ਼ਾਮਿਲ ਸਨ। ਮਾਹਿਰਾਂ ਵੱਲੋਂ ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਵਿਸ਼ੇ ਦੀ ਲੋੜ ਉੱਤੇ ਅਹਿਮ ਨੁਕਤੇ ਸਾਂਝੇ ਕਰਦਿਆਂ ਉਨ੍ਹਾਂ ਨਾਲ਼ ਸੰਵਾਦ ਰਚਾਇਆ ਗਿਆ। ਡੀਨ, ਅੰਤਰਰਾਸ਼ਟਰੀ ਮਾਮਲੇ ਪ੍ਰੋ. ਦਮਨਜੀਤ ਸੰਧੂ ਨੇ ਆਪਣੇ ਸਵਾਗਤੀ ਸ਼ਬਦਾਂ ਦੌਰਾਨ ਦੱਸਿਆ ਕਿ ਇਹ ਇਸ ਲੜੀ ਦਾ ਅੱਠਵਾਂ ਪ੍ਰੋਗਰਾਮ ਹੈ। ਉਨ੍ਹਾਂ ਇਸ ਪ੍ਰੋਗਰਾਮ ਦੀ ਲੋੜ ਅਤੇ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟਾਏ। ਡਾਇਰੈਕਟੋਰੇਟ, ਅੰਤਰਰਾਸ਼ਟਰੀ ਮਾਮਲੇ ਦੇ ਕੋਆਰਡੀਨੇਟਰ ਡਾ.ਜਗਪ੍ਰੀਤ ਕੌਰ ਅਤੇ ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ.ਰਾਜਵਿੰਦਰ ਕੌਰ ਬਾਠ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।

# ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ ਹੋਣਾ ਯੂਨੀਵਰਸਿਟੀ ਲਈ ਮਾਣ ਵਾਲ਼ੀ ਗੱਲ: ਡਾ.ਜਗਦੀਪ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ, 28 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਵਿਖੇ ਸ਼ੁਰੂ ਕੀਤੀ ਗਈ ਮਰਹੂਮ 'ਪੰਜਾਬੀ ਕਵੀ ਪਦਮਸ਼੍ਰੀ ਡਾ.ਸੁਰਜੀਤ ਪਾਤਰ ਯਾਦਗਾਰੀ ਭਾਸ਼ਣ ਲੜੀ' ਅਧੀਨ ਪਹਿਲਾ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਉਪ-ਕੁਲਪਤੀ ਡਾ.ਜਗਦੀਪ ਸਿੰਘ ਨੇ ਕਿਹਾ ਕਿ ਡਾ.ਸੁਰਜੀਤ ਪਾਤਰ ਵੱਲੋਂ ਆਪਣੇ ਵਡਮੁੱਲੇ ਸਾਹਿਤ ਨਾਲ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਥਾਹ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਇਸ ਮੌਕੇ ਡਾ. ਸੁਰਜੀਤ ਪਾਤਰ ਨਾਲ਼ ਆਪਣੀਆਂ ਕੁੱਝ ਮੁਲਕਾਤਾਂ ਦੇ ਹਵਾਲੇ ਨਾਲ਼ ਗੱਲ ਕਰਦਿਆਂ ਕਿਹਾ ਕਿ ਉਹ ਬਹੁਤ ਨਿੱਘੇ



ਸੁਭਾਅ ਦੇ ਗੁਣਵਾਨ ਮਨੁੱਖ ਸਨ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਇਸ ਗੱਲ ਦਾ ਮਾਣ ਹੈ ਕਿ ਸੁਰਜੀਤ ਪਾਤਰ ਇੱਥੋਂ ਦੇ ਵਿਦਿਆਰਥੀ ਰਹੇ ਹਨ। ਉਨ੍ਹਾਂ ਕਿਹਾ ਕਿ ਪਾਤਰ ਸਾਹਿਬ ਨੇ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਦੀ ਗੋਦ ਵਿੱਚ ਬੈਠ ਕੇ ਲਿਖੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਜੋ ਥਾਂ ਡਾ.ਪਾਤਰ ਦੀ ਹੈ, ਉਹ ਕੋਈ ਦੂਜਾ ਨਹੀਂ ਲੈ ਸਕਦਾ।ਸਮਾਗਮ ਦੇ ਮੁੱਖ ਬੁਲਾਰੇ ਪ੍ਰੋ.ਸੁਰਜੀਤ ਸਿੰਘ ਭੱਟੀ ਨੇ ਆਪਣੇ ਭਾਸ਼ਣ ਵਿੱਚ ਡਾ.ਸੁਰਜੀਤ ਪਾਤਰ ਬਾਰੇ ਗੱਲ ਕਰਦਿਆਂ ਉਹਨਾਂ ਦੀ ਜ਼ਿੰਦਗੀ ਅਤੇ ਰਚਨਾਵਾਂ ਸਬੰਧੀ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਡਾ. ਸੁਰਜੀਤ ਪਾਤਰ ਇੱਕ ਸਫਲ ਕਵੀ ਹੀ ਨਹੀਂ ਸਗੋਂ ਇੱਕ ਸੰਵੇਦਨਸ਼ੀਲ ਸ਼ਖ਼ਸੀਅਤ ਦੇ ਮਾਲਕ ਵੀ ਸਨ। ਉਹਨਾਂ ਦੱਸਿਆ ਕਿ ਕਿਵੇਂ ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਛੋਟੀਆਂ—ਛੋਟੀਆਂ ਘਟਨਾਵਾਂ ਨੂੰ ਡਾ. ਸੁਰਜੀਤ ਪਾਤਰ ਜੀ ਨੇ ਜੀਅ ਕੇ ਕਵਿਤਾ ਜਾਂ ਗ਼ਜ਼ਲ ਦੇ ਰੂਪ ਵਿੱਚ ਸ਼ਬਦਾਂ ਵਿੱਚ ਢਾਲਿਆ।ਇਸ ਮੌਕੇ ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਡਾ.ਸੁਰਜੀਤ ਪਾਤਰ ਜੀ ਦੇ ਪੰਜਾਬੀ ਭਾਸ਼ਾ ਪ੍ਰਤੀ ਚਿੰਤਨ ਬਾਰੇ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਅੰਤਲੇ ਸਮੇਂ ਤੱਕ ਪਾਤਰ ਸਾਹਿਬ ਪੰਜਾਬੀ ਭਾਸ਼ਾ ਨੂੰ ਲੈ ਕੇ ਸੰਵੇਦਨਸ਼ੀਲ ਸਨ। ਯੂਨੀਵਰਸਿਟੀ ਧੁਨੀ ਨਾਲ ਸ਼ੁਰੂ ਹੋਏ ਇਸ ਸਮਾਗਮ ਦੇ ਸੰਚਾਲਕ ਡਾ.ਪਰਮਿੰਦਰਜੀਤ ਕੌਰ, ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਉਹਨਾਂ ਡਾ.ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਸ਼ੁਰੂ ਕੀਤੀ ਗਈ ਵਿਸ਼ੇਸ਼ ਭਾਸ਼ਣ ਲੜੀ ਦੇ ਆਗਾਜ਼ ਕਰਨ ਵਾਲੇ ਇਸ ਪਲੇਠੇ ਸਮਾਗਮ ਦੀ ਪ੍ਰਵਾਨਗੀ ਲਈ ਉਪਕੁਲਪਤੀ ਪ੍ਰੋ. ਜਗਦੀਪ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਮਾਗਮ ਦੌਰਾਨ ਰਸਮੀ ਸਵਾਗਤੀ ਭਾਸ਼ਣ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਫ਼ੈਲੋ ਡਾ.ਸੁਰਿੰਦਰ ਮੰਡ ਨੇ ਦਿੱਤਾ। ਉਨ੍ਹਾਂ ਡਾ.ਸੁਰਜੀਤ ਪਾਤਰ ਜੀ ਬਾਰੇ ਗੱਲਾਂ ਕਰਦਿਆਂ ਉਨ੍ਹਾਂ ਦੀ ਗ਼ਜ਼ਲ 'ਬਹੁਤ ਗੁਲ ਖ਼ਿਲੇ ਨੇ ਨਿਗ੍ਹਾਵਾਂ ਤੋਂ ਚੋਰੀ, ਕਿੱਧਰ ਜਾਣ ਮਹਿਕਾਂ ਹਵਾਵਾਂ ਤੋਂ ਚੋਰੀ' ਦਾ ਖ਼ੂਬਸੂਰਤ ਗਾਇਨ ਕੀਤਾ।

ਅੰਤ ਵਿੱਚ ਡਾ.ਪਰਮੀਤ ਕੌਰ 'ਧੰਨਵਾਦੀ ਸ਼ਬਦ' ਪੇਸ਼ ਕੀਤੇ।

# ਦੇਸੀ ਕੱਟਾ 315 ਬੋਰ, 4 ਜਿੰਦਾ ਰੌਂਦ, 1 ਚੋਰੀ ਕੀਤਾ ਮੋਟਰਸਾਇਕਲ ਅਤੇ 800 ਲੀਟਰ ਲਾਹਣ ਸਮੇਤ 4 ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਮੋਰਿੰਡਾ, 28 ਮਈ ( ਪਤਰ ਪ੍ਰੇਰਕ) ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ" ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਜ਼ਿਲ੍ਹਾ ਰੂਪਨਗਰ ਪੁਲਸ ਵੱਲੋਂ ਨਸ਼ੇ ਨੂੰ ਵੇਚਣ ਵਾਲਿਆਂ ਵਿਰੁੱਧ ਕਾਰਵਾਈਆਂ ਨਿਰੰਤਰ ਜਾਰੀ ਹਨ.ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਡਾਇਰੈਕਟਰ ਜਨਰਲ ਪੁਲਸ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ ਰੂਪਨਗਰ ਰੇਂਜ ਰੂਪਨਗਰ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਰੂਪਨਗਰ ਪੁਲਸ ਵੱਲੋਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਜ਼ਿਲ੍ਹਾ ਪੁਲਿਸ ਵਲੋਂ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਤੋ 1 ਦੇਸੀ ਕੱਟਾ 315 ਬੋਰ ਅਤੇ 4 ਜਿੰਦਾ ਰੋਂਦ ਬ੍ਰਾਮਦ, 1 ਚੋਰੀ ਕੀਤਾ ਮੋਟਰਸਾਇਕਲ ਅਤੇ 800 ਲੀਟਰ ਲਾਹਣ, ਜੋ ਮੌਕੇ ਤੇ ਨਸ਼ਟ ਕੀਤੀ ਗਈ। ਇਸੇ ਤਰ੍ਹਾਂ ਥਾਣਾ ਸਦਰ ਮੋਰਿੰਡਾ ਵਲੋਂ ਅਜ਼ੇ ਕੁਮਾਰ ਉਰਫ ਬਾਈਆ ਅਤੇ ਸੁਸ਼ੀਲ ਕੁਮਾਰ ਉਰਫ ਸਾਹਿਲ ਵਾਸੀ ਵਾਰਡ ਨੰਬਰ 11 ਮੋਰਿੰਡਾ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਇਕ ਚੋਰੀ ਕੀਤਾ ਮੋਟਰਸਾਈਕਲ ਬਰਾਮਦ ਕੀਤਾ ਹੈ। ਮੋਰਿੰਡਾ ਪੁਲਸ ਨੇ ਉਨ੍ਹਾਂ ਖਿਲਾਫ ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਜ਼ਿਲ੍ਹਾ ਪੁਲਸ ਥਾਣਾ ਸਿਟੀ ਰੂਪਨਗਰ ਵੱਲੋਂ ਪਰਮਿੰਦਰ ਸਿੰਘ ਉਰਫ ਭਿੰਦਾ ਵਾਸੀ ਪਿੰਡ ਚੰਦਪੁਰ ਡਕਾਲਾ ਅਤੇ ਅਮਰਜੀਤ ਸਿੰਘ ਉਰਫ ਲਾਡੀ ਵਾਸੀ ਪਿੰਡ ਦਬੁਰਜੀ ਨੂੰ ਗ੍ਰਿਫਤਾਰ ਕਰਕੇ ਉਨਾਂ ਪਾਸੋਂ 1 ਦੇਸੀ ਕੱਟਾ 315 ਬੋਰ ਅਤੇ 4 ਜਿੰਦਾ ਰੋਂਦ ਬਰਾਮਦ ਕੀਤੇ ਗਏ ਅਤੇ ਉਨ੍ਹਾਂ ਖਿਲਾਫ ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ, ਅਤੇ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਲੋ 4 ਡਰੰਮਾ ਵਿੱਚ 800 ਲੀਟਰ ਲਾਹਣ ਬ੍ਰਾਮਦ ਕੀਤੀ ਗਈ ਜਿਸ ਨੂੰ ਐਕਸਾਇਜ਼ ਇੰਸਪੈਕਟਰ ਦੀ ਹਾਜ਼ਰੀ ਵਿੱਚ ਮੌਕੇ ਤੇ ਹੀ ਨਸ਼ਟ ਕੀਤਾ ਗਿਆ ਅਤੇ ਐਕਸਾਇਜ਼ ਐਕਟ ਤਹਿਤ ਮੁਕੱਦਮਾ ਦਰਜ਼ ਕੀਤਾ ਗਿਆ।

ਗੁਲਨੀਤ ਸਿੰਘ ਖੁਰਾਣਾ ਨੇ ਅੱਗੇ ਦੱਸਿਆਂ ਕਿ ਪ੍ਰੋਜੇਕਟ 'ਸੰਪਰਕ' ਦੀ ਲਗਾਤਾਰਤਾ ਵਿੱਚ ਆਮ ਪਬਲਿਕ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾ ਸਬੰਧੀ ਜਾਗਰਕ ਕਰਨ ਅਤੇ ਪੁਲਿਸ ਨਾਲ ਪਬਲਿਕ ਦਾ ਤਾਲਮੇਲ ਹੋਰ ਵਧਾਉਣ ਲਈ ਪਿੰਡਾ ਵਿੱਚ ਜਾ ਕੇ ਗਜਟਿਡ ਅਫਸਰਾਂ ਅਤੇ ਮੁੱਖ ਅਫਸਰ ਥਾਣਾ ਵਲੋ ਮੀਟਿੰਗਾ ਕਰਕੇ ਉਨ੍ਹਾਂ ਨੂੰ ਪੰਜਾਬ ਐਂਟੀ ਡਰੱਗ ਹੈਲਪਲਾਇਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾ ਦੇ ਸੁਝਾਅ ਵੀ ਲਏ ਗਏ। ਐ ਸ . ਐ ਸ . ਪੀ . ਰੂਪਨਗਰ ਵਲੋ ਪਬਲਿਕ ਨੂੰ ਅਪੀਲ ਕੀਤੀ ਕਿ ਨਸ਼ੇ ਵਰਗੀ ਅਲਾਮਤ ਨੂੰ ਖਤਮ ਕਰਨ ਲਈ ਪੁਲਿਸ ਦਾ ਪੂਰਨ ਤੋਰ ਤੇ ਸਹਿਯੋਗ ਕੀਤਾ ਜਾਵੇ ਅਤੇ ਜੇਕਰ ਉਨ੍ਹਾਂ ਦੇ ਇਲਾਕੇ ਵਿੱਚ ਕੋਈ ਵਿਅਕਤੀ ਨਸ਼ਾਂ ਤਸਕਰੀ/ਸਮੱਗਲਿੰਗ ਕਰਦਾ ਹੈ ਤਾਂ ਉਸਦੀ ਸੂਚਨਾ ਸੇਫ ਪੰਜਾਬ ਐਂਟੀ ਡਰੱਗ ਹੈਲਪਲਾਇਨ ਨੰਬਰ 97791-00200 (ਵਟਸਐਪ ਚੈਟਬੋਟ) ਜਾ ਜਿਲ੍ਹਾ ਪੁਲਿਸ ਦੇ ਨੰਬਰਾਂ ਪਰ ਸਾਂਝੀ ਕੀਤੀ ਜਾਵੇ। ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ।



# ਫਗਵਾੜਾ ਨਗਰ ਨਿਗਮ ਵੱਲੋਂ "ਪਲਾਸਟਿਕ ਪਿਕ ਅਪ " ਮੁਹਿੰਮ ਸ਼ੁਰੂ - ਮੇਅਰ ਨੇ ਕੀਤੀ ਅਗਵਾਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਫਗਵਾੜਾ 28 ਮਈ (ਸ਼ਿਵ ਕੌੜਾ) ਵਿਸ਼ਵ ਵਾਤਾਵਰਣ ਦਿਵਸ 2025 ਦੇ ਮੌਕੇ ਨਗਰ ਨਿਗਮ ਫਗਵਾੜਾ ਨੇ ਮੇਅਰ ਰਾਮਪਾਲ ਉੱਪਲ ਅਤੇ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਦੀ ਅਗਵਾਈ ਹੇਠ ਇੱਕ ਪਲਾਸਟਿਕ ਪਿਕ-ਅੱਪ ਮੁਹਿੰਮ ਸ਼ੁਰੂ ਕੀਤੀ ਹੈ ਪੰਜਾਬ ਸਰਕਾਰ ਦੀ "ਮੇਰਾ ਵਾਰਡ ਮੇਰੀ ਸ਼ਾਨ ਮੁਹਿੰਮ " ਅਤੇ "ਪਲਾਸਟਿਕ ਪ੍ਰਦੂਸ਼ਣ ਨੂੰ ਹਰਾਓ" ਦੇ ਗਲੋਬਲ ਥੀਮ ਦੇ ਨਾਲ ਜੁੜੀ ਇਸ ਪਹਿਲਕਦਮੀ ਨੇ ਸ਼ਹਿਰ ਦੇ ਨਾਗਰਿਕਾਂ, ਵਿਦਿਆਰਥੀਆਂ ਅਤੇ ਵਲੰਟੀਅਰਾਂ ਨੂੰ ਸਾਫ਼ ਅਤੇ ਹਰਾ-ਭਰਾ ਫਗਵਾੜਾ ਸ਼ਹਿਰ ਬਣਾਉਣ ਲਈ ਇੱਕ ਮੰਚ ਉੱਪਰ ਲੈ ਆਂਦਾ ਮੇਅਰ ਰਾਮਪਾਲ ਉੱਪਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਜਿਸ ਵਿੱਚ ਸਹਾਇਕ ਕਮਿਸ਼ਨਰ ਅਨੀਸ਼ ਬਾਂਸਲ ਵੀ ਸ਼ਾਮਲ ਸਨ ਨੇ ਦਿਨ ਦੀ ਸ਼ੁਰੂਆਤ ਵਰਿੰਦਰਾ ਪਾਰਕ ਅਤੇ ਮੇਹਲੀ ਗੇਟ ਵਿਖੇ



ਵੱਡੇ ਪੱਧਰ ਤੇ ਪਲਾਸਟਿਕ ਸਫਾਈ ਵਿੱਚ ਨਿੱਜੀ ਤੌਰ ਤੇ ਹਿੱਸਾ ਲੈ ਕੇ ਕੀਤੀ ਜਿਸ ਦੌਰਾਨ ਪਲਾਸਟਿਕ ਦੀਆਂ ਬੋਤਲਾਂ, ਰੈਪਰ ਅਤੇ ਹੋਰ ਸਿੰਗਲ-ਯੂਜ਼ ਪਲਾਸਟਿਕ ਦੀਆਂ ਚੀਜ਼ਾਂ ਇਕੱਠੀਆਂ ਕੀਤੀਆਂ ਗਈਆਂ, ਜੋ ਇੱਕ ਸਪੱਸ਼ਟ ਸੰਦੇਸ਼ ਦਿੰਦੀਆਂ ਹਨ ਕਿ ਪਲਾਸਟਿਕ ਵਿਰੁੱਧ ਲੜਾਈ ਜ਼ਮੀਨ ਤੋਂ ਸ਼ੁਰੂ ਹੁੰਦੀ ਹੈ ਇਸ ਮੁਹਿੰਮ ਤੋਂ ਪ੍ਰੇਰਿਤ ਹੋ ਕੇ ਐਸ.ਡੀ. ਕੰਨਿਆ ਮਹਾਂਵਿਦਿਆਲਾ, ਫਗਵਾੜਾ ਦੇ ਵਿਦਿਆਰਥੀਆਂ ਨੇ ਸਥਾਨਕ ਬਾਜ਼ਾਰਾਂ ਅਤੇ ਮੁਹੱਲਿਆਂ ਵਿੱਚ ਬੈਨਰਾਂ, ਨਾਅਰਿਆਂ ਅਤੇ ਹੱਥ ਨਾਲ ਬਣੇ ਤਖ਼ਤੀਆਂ ਨਾਲ ਮਾਰਚ ਕਰਦੇ ਹੋਏ ਇੱਕ ਉਤਸ਼ਾਹਪੂਰਵਕ ਜਾਗਰੂਕਤਾ ਰੈਲੀ ਕੱਢੀ, ਜਿਸ ਦਾ ਟੀਚਾ ਸੀ ਕਿ ਸ਼ਹਿਰਵਾਸੀਆਂ ਨੂੰ ਸਿੰਗਲ-ਯੂਜ਼ ਪਲਾਸਟਿਕ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨਾ ਅਤੇ ਕੱਪੜੇ ਅਤੇ ਜੂਟ ਬੈਗਾਂ ਵਰਗੇ ਵਾਤਾਵਰਣ-ਅਨੁਕੂਲ ਵਿਕਲਪਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ।

ਇਸ ਮੁਹਿੰਮ ਨੇ ਘਰੇਲੂ ਗਿੱਲੇ-ਸੁੱਕੇ ਕੂੜੇ ਨੂੰ ਵੱਖ ਕਰਨ ਤੇ ਵੀ ਜ਼ੋਰ ਦਿੱਤਾ ਸ਼ਹਿਰਵਾਸੀਆਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਲਈ ਦੋ ਡਸਟਬਿਨ ਰੱਖਣ ਦੀ ਅਪੀਲ ਕੀਤੀ ਨਗਰ ਨਿਗਮ ਦੇ ਅਧਿਕਾਰੀ - ਜਿਨ੍ਹਾਂ ਵਿੱਚ ਹਿਤੇਸ਼ ਸ਼ਰਮਾ ਨਾਮਦੇਵ ਪੂਜਾ ਅਤੇ ਸੁਨੀਤਾ ਸ਼ਾਮਲ ਸਨ ਨੇ ਵਿਦਿਆਰਥੀਆਂ ਨੂੰ ਇੰਟਰਐਕਟਿਵ ਸੈਸ਼ਨਾਂ ਵਿੱਚ ਸ਼ਾਮਲ ਕੀਤਾ ਕਿ ਜੀਵਨ ਸ਼ੈਲੀ ਵਿੱਚ ਛੋਟੀਆਂ ਤਬਦੀਲੀਆਂ ਵਾਤਾਵਰਣ ਤੇ ਕਿਵੇਂ ਮਹੱਤਵਪੂਰਨ ਪ੍ਰਭਾਵ ਪਾ ਸਕਦੀਆਂ ਹਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਮੇਅਰ ਰਾਮਪਾਲ ਉੱਪਲ ਨੇ ਪਲਾਸਟਿਕ ਪ੍ਰਦੂਸ਼ਣ ਨੂੰ ਇੱਕ ਸਾਂਝਾ ਸੰਕਟ ਕਿਹਾ ਅਤੇ ਸ਼ਹਿਰ ਨੂੰ ਸਾਫ਼ ਰੱਖਣ ਲਈ ਹਰੇਕ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ ਤੇ ਜ਼ੋਰ ਦਿੱਤਾ ਉਨ੍ਹਾਂ ਕਿਹਾ ਕਿ "ਬੱਚੇ ਸਾਡੇ ਸਮਾਜ ਦਾ ਭਵਿੱਖ ਹਨ, ਮੇਅਰ ਉੱਪਲ ਨੇ ਕਿਹਾ ਕਿ "ਅੱਜ ਦੀ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈ ਕੇ ਅਤੇ ਪਲਾਸਟਿਕ ਦੀ ਵਰਤੋਂ ਦੇ ਬਜਾਏ ਟਿਕਾਊ ਵਿਕਲਪਾਂ ਦੀ ਵਰਤੋਂ ਕਰਨ ਦਾ ਵਾਅਦਾ ਕਰਕੇ ਤੁਸੀਂ ਸਾਨੂੰ ਸਾਰਿਆਂ ਨੂੰ ਇੱਕ ਸਾਫ਼ ਕੱਲ੍ਹ ਵੱਲ ਲੈ ਕੇ ਜਾ ਰਹੇ ਹੋ।" ਪ੍ਰਿੰਸੀਪਲ ਮਮਤਾ ਕੁੰਜ ਨੇ ਮੇਅਰ ਉੱਪਲ ਦਾ ਸਵਾਗਤ ਕੀਤਾ ਅਤੇ ਪੂਰੀ ਨਗਰ ਨਿਗਮ ਟੀਮ ਦਾ ਵਿਦਿਆਰਥੀਆਂ ਨੂੰ ਅਜਿਹੀ ਅਰਥਪੂਰਨ ਪਹਿਲਕਦਮੀ ਵਿੱਚ ਸ਼ਾਮਲ ਕਰਨ ਲਈ ਧੰਨਵਾਦ ਕੀਤਾ।

# ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਵੱਲੋਂ ਹਰਿਆਣਾ ਦੇ ਨਵ-ਨਿਯੁਕਤ ਮੁੱਖ ਸੂਚਨਾ ਕਮਿਸ਼ਨਰ ਨੂੰ ਸ਼ੁਭਕਾਮਨਾਵਾਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ (ਸੀ.ਆਈ.ਸੀ.) ਇੰਦਰਪਾਲ ਸਿੰਘ ਧੰਨਾ ਨੇ ਅੱਜ ਹਰਿਆਣਾ ਦੇ ਨਵ-ਨਿਯੁਕਤ ਮੁੱਖ ਸੂਚਨਾ ਕਮਿਸ਼ਨਰ ਟੀ.ਵੀ.ਐਸ.ਐਨ. ਪ੍ਰਸਾਦ, ਆਈ.ਏ.ਐਸ. (ਸੇਵਾਮੁਕਤ), ਸਾਬਕਾ ਮੁੱਖ ਸਕੱਤਰ, ਹਰਿਆਣਾ ਨਾਲ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ



ਕੀਤੀ। ਸੀ . ਆ ਈ . ਸੀ . ਇੰਦਰਪਾਲ ਸਿੰਘ ਧੰਨਾ, ਜਿਨ੍ਹਾਂ ਦੇ ਨਾਲ ਰਾਜ ਸੂਚਨਾ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ, ਵਰਿੰਦਰਜੀਤ ਸਿੰਘ ਬਿਲਿੰਗ, ਹਰਪ੍ਰੀਤ ਸਿੰਘ ਸੰਧੂ, ਡਾ. ਭੁਪਿੰਦਰ ਸਿੰਘ ਬਾਠ ਅਤੇ ਪੂਜਾ ਗੁਪਤਾ ਮੌਜੂਦ ਸਨ, ਨੇ ਹਰਿਆਣਾ ਦੇ ਆਪਣੇ ਹਮਰੁਤਬਾ ਨੂੰ ਸ਼ੁਭਕਾਮਨਾਵਾਂ ਦੇ ਪ੍ਰਤੀਕ ਵਜੋਂ ਭਾਰਤ ਦੇ ਰਾਸ਼ਟਰੀ ਪੰਛੀ ਦੀ ਇੱਕ ਸੁੰਦਰ ਚਿੱਤਰ-ਕਲਾ ਭੇਟ ਕੀਤੀ। ਦੱਸਣਯੋਗ ਹੈ ਕਿ ਇਹ ਚਿੱਤਰ-ਕਲਾ ਹਰਪ੍ਰੀਤ ਸੰਧੂ ਦੁਆਰਾ ਬਣਾਈ ਗਈ ਹੈ।

ਪੰਜਾਬ ਅਤੇ ਹਰਿਆਣਾ ਦੇ ਮੁੱਖ ਸੂਚਨਾ ਕਮਿਸ਼ਨਰਾਂ ਨੇ ਸੇਵਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਵਿੱਚ ਸੁਧਾਰ ਲਿਆਉਣ ਅਤੇ ਆਰਟੀਆਈ ਮਾਮਲਿਆਂ ਵਿੱਚ ਲੰਬਿਤ ਮਾਮਲਿਆਂ ਦਰ ਨੂੰ ਨੂੰ ਘਟਾਉਣ ਲਈ ਸਿੱਖਿਆ ਅਤੇ ਹੋਰ ਜ਼ਰੂਰੀ ਅਭਿਆਸਾਂ ਦੇ ਆਦਾਨ-ਪ੍ਰਦਾਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ

# ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਲਗਾਇਆ 'ਆਭਾ' ਕਾਰਡ ਬਨਾਉਣ ਦਾ ਕੈਂਪ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਫਗਵਾੜਾ 28 ਮਈ (ਸ਼ਿਵ ਕੌੜਾ) ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਸਿਹਤ ਵਿਭਾਗ ਫਗਵਾੜਾ ਦੇ ਸਹਿਯੋਗ ਨਾਲ ਸਥਾਨਕ ਖੇੜਾ ਰੋਡ ਸਥਿਤ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਵਿਖੇ ਆਯੁਸ਼ਮਾਨ ਭਾਰਤ ਸਿਹਤ ਅਕਾਉਂਟ (ਏ.ਬੀ.ਐਚ.ਏ.) ਕਾਰਡ ਬਣਾਉਣ ਸਬੰਧੀ ਕੈਂਪ ਲਗਾਇਆ। ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ



ਮਲਕੀਅਤ ਸਿੰਘ ਰਘਬੋਤਰਾ ਦੀ ਨਿਗਰਾਨੀ ਹੇਠ ਆਯੋਜਿਤ ਕੈਂਪ ਦੌਰਾਨ ਆਸ਼ਾ ਵਰਕਰ ਮੀਰਾ ਨੇ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ ਵਾਰਡ ਨੰਬਰ 21 ਦੇ 70 ਨਾਗਰਿਕਾਂ ਦੇ ਕਾਰਡ ਆਨਲਾਈਨ ਤਕਨੀਕ ਨਾਲ ਬਣਾਏ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਸ ਕਾਰਡ 'ਚ ਵਿਅਕਤੀ ਦਾ ਸਿਹਤ ਖਾਤਾ ਬਣਾਇਆ ਜਾਂਦਾ ਹੈ, ਜਿੱਥੇ ਮਰੀਜ ਆਪਣਾ ਮੈਡੀਕਲ ਰਿਕਾਰਡ ਡਿਜੀਟਲ ਵਿਧੀ ਰਾਹੀਂ ਅਪਲੋਡ ਕਰਕੇ ਸੰਭਾਲ ਕੇ ਰੱਖ ਸਕਦੇ ਹਨ। ਮਰੀਜ ਨੂੰ ਇਲਾਜ ਲਈ ਭਾਰਤ ਦੇ ਕਿਸੇ ਵੀ ਹਸਪਤਾਲ 'ਚ ਜਾਣ ਸਮੇਂ ਲੈਬਾਰਟਰੀ ਰਿਪੋਰਟ ਜਾਂ ਪੁਰਾਣੀਆਂ ਡਾਕਟਰੀ ਰਿਪੋਰਟਾਂ ਦੀ ਫਾਈਲ ਨਾਲ ਲੈ ਕੇ ਜਾਣ ਦੀ ਜਰੂਰਤ ਨਹੀਂ ਰਹਿੰਦੀ। ਉਹਨਾਂ ਦੱਸਿਆ ਕਿ ਲੋੜ ਅਨੁਸਾਰ ਹੋਰ ਕਾਰਡ ਬਨਾਉਣ ਦੇ ਕੈਂਪ ਵੀ ਸਮੇਂ-ਸਮੇਂ 'ਤੇ ਲਗਾਏ ਜਾਣਗੇ। ਇਸ ਮੌਕੇ ਮਹਿੰਦਰ ਸਿੰਘ ਐਨ.ਆਰ.ਆਈ., ਅਸ਼ਵਨੀ ਸ਼ਰਮਾ, ਵੰਦਨਾ ਸ਼ਰਮਾ, ਮਨੀਸ਼ ਕਨੌਜੀਆ, ਰੂਬੀ ਮਲਹੋਤਰਾ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਮਨਮੋਹਨ ਸਿੰਘ ਵਾਲੀਆ, ਬਲਦੇਵ ਸ਼ਰਮਾ ਅਤੇ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

# ਕਿਸ਼ਤੀ 'ਚ ਦੁਨੀਆ ਦਾ ਚੱਕਰ ਲਗਾਉਣ ਮਗਰੋਂ ਅੱਜ ਪਰਤਣਗੀਆਂ ਮਹਿਲਾ ਅਧਿਕਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਚੰਡੀਗੜ੍ਹ (ਵਿਜੇ ਮੋਹਨ): ਅੱਠ ਮਹੀਨਿਆਂ 'ਚ ਛੋਟੀ ਕਿਸ਼ਤੀ 'ਚ ਦੁਨੀਆ ਦਾ ਚੱਕਰ ਲਗਾਉਣ ਮਗਰੋਂ ਦੋ ਮਹਿਲਾ ਜਲ ਸੈਨਿਕ ਅਧਿਕਾਰੀ ਲੈਫਟੀਨੈਂਟ ਕਮਾਂਡਰ ਰੂਪਾ ਏ. ਅਤੇ ਲੈਫ਼ਟੀਨੈਂਟ ਕਮਾਂਡਰ ਦਿਲਨਾ ਕੇ. ਵੀਰਵਾਰ ਨੂੰ ਗੋਆ ਪਰਤਣਗੀਆਂ। ਦੋਵੇਂ ਅਧਿਕਾਰੀ ਪਿਛਲੇ ਸਾਲ 2 ਅਕਤੂਬਰ ਨੂੰ ਭਾਰਤੀ ਜਲ ਸੈਨਾ ਦੇ ਬੇੜੇ ਆਈਐੱਨਐੱਸਵੀ ਤਾਰਿਨੀ 'ਚ ਸਵਾਰ ਹੋ ਕੇ ਗੋਆ ਤੋਂ ਨਾਵਿਕਾ ਸਾਗਰ ਪਰਿਕਰਮਾ-2 ਮੁਹਿੰਮ 'ਤੇ ਨਿਕਲੀਆਂ ਸਨ। ਵੀਰਵਾਰ ਨੂੰ ਜਦੋਂ ਉਹ ਗੋਆ ਪੁੱਜਣਗੀਆਂ ਤਾਂ ਉਹ ਚਾਰ ਮਹਾਂਦੀਪਾਂ ਅਤੇ ਤਿੰਨ ਮਹਾਸਾਗਰਾਂ ਦੇ ਕਰੀਬ 50 ਹਜ਼ਾਰ ਕਿਲੋਮੀਟਰ ਦਾ ਸਫ਼ਰ ਪੂਰਾ ਕਰ ਲੈਣਗੀਆਂ। ਨਾਵਿਕਾ ਸਾਗਰ ਪਰਿਕਰਮਾ ਮੁਹਿੰਮ ਦੇ ਹੁਣ ਤੱਕ ਦੋ ਸੰਸਕਰਣ ਹੋ ਚੁੱਕੇ ਹਨ। ਪਹਿਲਾ ਦੌਰ 10 ਸਤੰਬਰ, 2017 ਤੋਂ 21 ਮਈ, 2018 ਤੱਕ 254 ਦਿਨਾਂ ਤੱਕ ਚਲਿਆ ਸੀ ਅਤੇ ਇਸ 'ਚ ਲੈਫ਼ਟੀਨੈਂਟ ਕਮਾਂਡਰ ਵਰਤਿਕਾ ਜੋਸ਼ੀ ਦੀ ਅਗਵਾਈ ਹੇਠ ਛੇ ਅਧਿਕਾਰੀ ਸ਼ਾਮਲ ਸਨ।

# 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਤੀਸਰੇ ਦਿਨ 1 ਨਾਮਜ਼ਦਗੀ ਪੱਤਰ ਦਾਖ਼ਲ : ਸਿਬਿਨ ਸੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ INTERNATIONAL PAPER, 9463601616 hardipchumber57@gmail.com

ਪੰਜਾਬ ਵਿਧਾਨ ਸਭਾ ਦੀ 64- ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਤੀਸਰੇ ਦਿਨ 1 ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤਾ ਗਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64- ਲੁਧਿਆਣਾ ਪੱਛਮੀ ਸੀਟ ਲਈ ਅੱਜ ਇਕ ਆਜ਼ਾਦ ਉਮੀਦਵਾਰ ਇੰਜੀ. ਬਲਦੇਵ ਰਾਜ ਕਤਨਾ (ਦੇਬੀ) ਵੱਲੋਂ ਨਾਮਜ਼ਦਗੀ ਦਾਖਲ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 3 ਜੂਨ ਨੂੰ ਕੀਤੀ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ 5 ਜੂਨ, 2025 ਹੈ। 19 ਜੂਨ ਨੂੰ ਵੋਟਾਂ ਪੈਣਗੀਆਂ ਅਤੇ 23 ਜੂਨ, 2025 ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

# ਕੂਲਰਾਂ ਵਿੱਚ ਅਤੇ ਖੜ੍ਹੇ ਪਾਣੀ ‘ਚ ਪੈਦਾ ਹੁੰਦਾ ਡੇਂਗੂ ਦਾ ਮੱਛਰ : ਡਾ: ਪ੍ਰਮਿੰਦਰ ਕੌਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਮਲੇਰੀਆ ਡੇਂਗੂ ਅਤੇ ਚਿਕਨਗੁਨੀਆ ਦੀ ਬਿਮਾਰੀ ਦੇ ਬਚਾਅ ਸਬੰਧੀ ਆਮ ਲੋਕਾਂ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਾਗਰੂਕ ਕੀਤਾ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਗਵਾੜਾ ਡਾ : ਪ੍ਰਮਿੰਦਰ ਕੌਰ ਨੇ ਦੱਸਿਆ ਕਿ ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਸਬ ਡਵੀਜ਼ਨ ਫਗਵਾੜਾ ਭਰ ਵਿੱਚ ਟੀਮਾਂ ਵੱਲੋਂ ਘਰ ਘਰ ਜਾ ਕੇ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਲਈ ਵਿਸ਼ੇਸ਼ ਤੌਰ ਤੇ ਚੈਕਿੰਗ ਕੀਤੀ ਜਾ ਰਹੀ ਹੈ ਉਨਾਂ ਦੱਸਿਆ ਕਿ ਘਰਾਂ ਦੀਆਂ ਛੱਤਾਂ ਤੇ ਪਏ ਕਬਾੜ ਦੇ ਸਮਾਨ ਤੇ ਟਾਇਰਾਂ ਆਦਿ ਵਿੱਚ ਬਾਰਸ਼ਾਂ ਦੇ ਖੜ੍ਹੇ ਸਾਫ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੁੰਦਾ ਇਸ ਲਈ ਛੱਤਾਂ ਤੇ ਪਏ ਸਮਾਨ ਨੂੰ ਸਾਫ ਕਰ ਦੇਣਾ ਚਾਹੀਦਾ ਹੈ। ਇੱਕ ਹਫਤੇ ਤੋਂ ਵੱਧ ਜੇਕਰ ਕੂਲਰਾਂ ਵਿੱਚ ਪਾਣੀ ਖੜ੍ਹਾ ਰਹੇਗਾ ਤਾਂ ਉਸ ਵਿੱਚ ਵੀ ਡੇਂਗੂ ਦਾ ਮੱਛਰ ਪੈਦਾ ਹੋ ਜਾਂਦਾ ਹੈ ਇਸ ਲਈ ਹਰ ਹਫਤੇ ਕੂਲਰਾਂ ਨੂੰ ਸਾਫ ਕਰਕੇ ਸੁਕਾ ਕੇ ਫਿਰ ਦੋਬਾਰਾ ਪਾਣੀ ਭਰਨਾ ਚਾਹੀਦਾ ਹੈ ਉਨ੍ਹਾਂ ਦੱਸਿਆ ਕਿ ਟੀਮਾਂ ਨੂੰ ਚੈਕਿੰਗ ਦੌਰਾਨ ਜਿੱਥੇ ਵੀ ਡੇਂਗੂ ਦਾ ਲਾਰਵਾ ਮਿਲਦਾ ਹੈ, ਉਸ ਨੂੰ ਮੌਕੇ ‘ਤੇ ਨਸ਼ਟ ਕਰ ਦਿੱਤਾ ਜਾਂਦਾ ਹੈ ਟੀਮਾਂ ਵੱਲੋਂ ਪਾਣੀ ‘ਤੇ ਲਾਰਵੀਸਾਈਡ ਦੀ ਸਪਰੇਅ ਕੀਤੀ ਜਾਂਦੀ ਹੈ, ਤਾਂ ਕਿ ਲਾਰਵਾ ਪੈਦਾ ਨਾ ਹੋ ਸਕੇ ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਫਗਵਾੜਾ ਭਰ ਵਿੱਚ ਆਮ ਲੋਕਾਂ, ਸਕੂਲਾਂ, ਕਾਲਜਾਂ ਅਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ‘ਤੇ ਜਾਗਰੂਕ ਕੀਤਾ ਜਾ ਰਿਹਾ ਹੈ ਡੇਂਗੂ ਦਾ ਲਾਰਵਾ ਘਰਾਂ ਦੇ ਆਲੇ ਦੁਆਲੇ ਖੜ੍ਹੇ ਸਾਫ ਪਾਣੀ ਪੈਦਾ ਹੁੰਦਾ ਹੈ ਇਸ



ਲਈ ਗਮਲਿਆਂ, ਫਰਿੱਜਾਂ ਦੇ ਪਿਛਲੇ ਪਾਸੇ ਲੱਗੀਆਂ ਟਰੇਆਂ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਉਨਾਂ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ ਆਦਿ ਹੁੰਦਾ ਹੈ ਤਾਂ ਉਹ ਵਿਅਕਤੀ ਨੇੜੇ ਦੇ ਸਰਕਾਰੀ ਸਿਹਤ ਕੇਂਦਰ ‘ਤੇ ਜਾ ਕੇ ਆਪਣੀ ਫਰੀ ਜਾਂਚ ਕਰਵਾ ਸਕਦਾ ਹੈ

# ਸਿਹਤ ਵਿਭਾਗ ਵਲੋਂ ਮਾਸਿਕ ਧਰਮ ਸਫਾਈ ਦਿਵਸ ਮਨਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 28 ਮਈ ( ਪਤਰ ਪ੍ਰੇਰਕ) ਡਾ.ਸਵਪਨਜੀਤ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਵੱਖ-ਵੱਖ ਆਯੁਸ਼ਮਾਨ ਆਰੋਗਿਆ ਕੇਂਦਰਾਂ ਵਿੱਚ ਮਾਸਿਕ ਧਰਮ ਸਫਾਈ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ‘ਤੇ ਸਥਾਨਕ ਔਰਤਾਂ ਅਤੇ ਲੜਕੀਆਂ ਨੇ ਵੱਡੀ ਗਿਣਤੀ



ਵਿੱਚ ਹਿਸਾ ਲਿਆ।ਇਸ ਮੌਕੇ ਤੇ ਗੁਰਜੀਤ ਕੋਰ ਸੀ.ਐਚ.ਓ ਨੇ ਕਿਹਾ ਕਿ ਮਾਸਿਕ ਧਰਮ ਦੇ ਦੌਰਾਨ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।ਉਨ੍ਹਾਂ ਮਾਸਿਕ ਧਰਮ ਨਾਲ ਜੁੜੀਆਂ ਭ੍ਰਮਾਂ ਨੂੰ ਦੂਰ ਕਰਦੇ ਹੋਏ, ਸਾਫ-ਸੁਥਰੇ ਨੈਪਕਿਨ ਦੀ ਵਰਤੋਂ, ਸਰੀਰਕ ਸਫਾਈ ਅਤੇ ਚਰਚਾ ਦੇ ਜ਼ਰੀਏ ਔਰਤਾਂ ਨੂੰ ਜਾਗਰੂਕ ਕੀਤਾ।ਇਸ ਮੌਕੇ ਤੇ ਆਰਤੀ ਏ.ਐਨ.ਐਮ ਨੇ ਕਿਹਾ ਕਿ, “ਮਾਸਿਕ ਧਰਮ ਇੱਕ ਕੁਦਰਤੀ ਪ੍ਰਕਿਰਿਆ ਹੈ ਅਤੇ ਇਸ ਵਿੱਚ ਸਫਾਈ ਦਾ ਧਿਆਨ ਰੱਖਣਾ ਔਰਤਾਂ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ। ਅਸੀਂ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਅਜਿਹੇ ਸਮਾਗਮ ਆਯੋਜਿਤ ਕਰ ਰਹੇ ਹਾਂ।ਇਸ ਮੌਕੇ ‘ਤੇ ਸੈਨੇਟਰੀ ਨੈਪਕਿਨ ਦੀ ਵਰਤੋਂ ਅਤੇ ਮਾਸਿਕ ਧਰਮ ਬਾਰੇ ਉਚਿਤ ਸਿੱਖਿਆ ਦਿੰਦੀਆਂ ਲੈਕਚਰਾਂ ਦਾ ਆਯੋਜਨ ਵੀ ਕੀਤਾ ਗਿਆ।ਅੰਤ ਵਿੱਚ, ਸਮੂਹ ਨੇ ਇਹ ਸੁਨੇਹਾ ਦਿੱਤਾ ਕਿ ਮਾਸਿਕ ਧਰਮ ਦੀ ਸਫਾਈ ਬਾਰੇ ਚੁੱਪੀ ਤੋੜੀ ਜਾਵੇ ਅਤੇ ਹਰ ਔਰਤ ਨੂੰ ਇਸ ਬਾਰੇ ਜਾਗਰੂਕ ਅਤੇ ਸੁਰੱਖਿਅਤ ਬਣਾਇਆ ਜਾਵੇ।ਇਸ ਮੌਕੇ ਤੇ ਲਖਮਿੰਦਰ ਸਿੰਘ,ਬੇਅੰਤ ਸਿੰਘ,ਸੁਦੰਰੀ ਦੇਵੀ, ਪ੍ਰਿਅੰਕਾ, ਮਨਦੀਪ ਕੌਰ,ਸੰਦੀਪ ਕੌਰ,ਕਮਲਪ੍ਰੀਤ ਕੌਰ,ਆਸ਼ਾ ਵਰਕਰਜ਼ ਅਤੇ ਪਤਵੰਤੇ ਸਜੱਣ ਹਾਜਰ ਸਨ।

# ਗਰਮੀਆਂ ਦੀਆਂ ਛੁੱਟੀਆਂ ਦੇ ਮੱਦੇਨਜ਼ਰ ਸੀ.ਬੀ.ਏ ਇਨਫੋਟੈਕ ਵਲੋਂ ਕੰਪਿਊਟਰ ਅਤੇ ਆਈ.ਟੀ ਨਾਲ ਸਬੰਧਿਤ ਨਵੇਂ ਬੈਚ 5 ਜੂਨ ਤੋਂ ਸ਼ੁਰੂ

## - ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਤਹਿਤ ਲੜਕੀਆਂ ਨੂੰ ਦਿੱਤੀ ਜਾਵੇਗੀ 30 ਪ੍ਰਤੀਸ਼ਤ ਛੂਟ : ਇਜ਼ੀ: ਸਿਮਰਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਗੁਰਦਾਸਪੁਰ, 28 ਮਈ 2025 - ਜਿਲ੍ਹਾ ਗੁਰਦਾਸਪੁਰ ਦਾ ਪ੍ਰਸਿੱਧ ਕੰਪਿਊਟਰ ਟ੍ਰੇਨਿੰਗ ਸੈਂਟਰ ਸੀ.ਬੀ.ਏ ਇਨਫੋਟੈਕ, ਜਿਸ ਤੋਂ ਤਾਲੀਮ ਲੈ ਕੇ ਹਜ਼ਾਰਾਂ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਵਧੀਆ ਮੁਕਾਮ ਹਾਸਲ ਕਰ ਚੁੱਕੇ ਹਨ, ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੇ ਮੌਕੇ ‘ਤੇ ਨਵੇਂ ਕੰਪਿਊਟਰ ਅਤੇ ਆਈ.ਟੀ ਕੋਰਸਾਂ ਦੇ ਬੈਚ 5 ਜੂਨ ਤੋਂ ਸ਼ੁਰੂ ਕੀਤੇ ਜਾ ਰਹੇ ਹਨ।

ਚੈਅਰਪਰਸਨ Er. Simran ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਰਾਹੀਂ ਵਿਦਿਆਰਥੀਆਂ ਨੂੰ ਉੱਚ ਪੱਧਰੀ ਕੋਚਿੰਗ ਦਿੱਤੀ ਜਾਵੇਗੀ ਜੋ ਉਨ੍ਹਾਂ ਦੇ ਭਵਿੱਖ ਨੂੰ ਨਿਖਾਰਣ ਵਿੱਚ ਮਦਦਗਾਰ ਸਾਬਿਤ ਹੋਵੇਗੀ। ਉਨ੍ਹਾਂ ਕਿਹਾ ਕਿ ਅਕਸਰ ਵਿਦਿਆਰਥੀ ਗਰਮੀਆਂ ਦੀਆਂ ਛੁੱਟੀਆਂ ਵਿੱਚ ਸਮਾਂ ਵਿਅਰਥ ਗਵਾ ਲੈਂਦੇ ਹਨ, ਪਰ CBA Infotech ਨੇ ਇਹ ਇੱਕ ਸੁਨਹਿਰੀ ਮੌਕਾ ਦਿੱਤਾ ਹੈ ਕਿ ਉਹ ਆਪਣੇ ਭਵਿੱਖ ਲਈ ਕਦਮ ਚੁੱਕਣ।

ਉਨ੍ਹਾਂ ਅੱਗੇ ਦੱਸਿਆ ਕਿ CBA Infotech ਵਲੋਂ ਕੰਪਿਊਟਰ ਦੇ ਬੇਸਿਕ ਤੋਂ ਲੈ ਕੇ ਐਡਵਾਂਸ ਕੋਰਸਾਂ ਤੱਕ ਅਤੇ ਆਈ.ਟੀ. ਖੇਤਰ ਨਾਲ ਸੰਬੰਧਤ ਕਈ ਕੋਰਸ ਉਪਲੱਬਧ ਹਨ।

Er. Simran ਨੇ ਇਹ ਵੀ ਸਪਸ਼ਟ ਕੀਤਾ ਕਿ “ਬੇਟੀ ਬਚਾਓ, ਬੇਟੀ ਪੜ੍ਹਾਓ” ਮੁਹਿੰਮ ਨੂੰ ਉਤਸ਼ਾਹਿਤ ਕਰਦੇ ਹੋਏ ਇਸ ਵਾਰ CBA Infotech ਵੱਲੋਂ ਲੜਕੀਆਂ ਲਈ ਹਰ ਕੋਰਸ ਉੱਤੇ 30% ਦੀ ਵਿਸ਼ੇਸ਼ ਛੂਟ ਦਿੱਤੀ ਜਾ ਰਹੀ ਹੈ, ਤਾਂ ਜੋ ਹੋਰ ਜ਼ਿਆਦਾ ਲੜਕੀਆਂ ਟੈਕਨੋਲੋਜੀ ਦੇ ਖੇਤਰ ਵਿੱਚ ਆ ਸਕਣ।

ਅੰਤ ਵਿੱਚ Er. Simran ਨੇ ਸਭ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ



ਕੀਤੀ ਕਿ ਛੋਟੇ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਵਿਅਕਤੀਆਂ ਲਈ ਇਹ ਕੋਰਸ ਲਾਭਕਾਰੀ ਹਨ ਅਤੇ ਜੋ ਵੀ ਰੁਚੀ ਰਖਦੇ ਹਨ, ਉਹ ਗੁਰਦਾਸਪੁਰ ਦੇ ਕਲਾਨੌਰ ਰੋਡ ਸਥਿਤ CBA Infotech ਸੈਂਟਰ ਆ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਮੁਜ਼ੱਫਰਨਗਰ ‘ਚ ਅਧਿਆਪਕ ਨੇ ਵਿਦਿਆਰਥਣ ਨਾਲ ਕੀਤੀ ਅਸ਼ਲੀਲ ਹਰਕਤ, ਮੁਲਜ਼ਮ ਗ੍ਰਿਫ਼ਤਾਰ

## ਦੋਸ਼ੀ ਸ਼ਹਿਜ਼ਾਦ ਵਿਰੁੱਧ ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਮੁਜ਼ੱਫਰਨਗਰ ਦੇ ਇੱਕ ਸਕੂਲ ਦੀ 8ਵੀਂ ਜਮਾਤ ਦੀ ਵਿਦਿਆਰਥਣ ਨੇ ਅਧਿਆਪਕ ‘ਤੇ ਛੇੜਛਾੜ ਦਾ ਦੋਸ਼ ਲਗਾਇਆ ਹੈ। ਦੋਸ਼ ਹੈ ਕਿ ਟੀਸੀ (ਟ੍ਰਾਂਸਫਰ ਸਰਟੀਫਿਕੇਟ) ਦੇਣ ਦੇ ਬਹਾਨੇ, ਅਧਿਆਪਕ ਨੇ ਵਿਦਿਆਰਥਣ ਨੂੰ ਸਕੂਲ ਬੁਲਾਇਆ ਅਤੇ 2 ਘੰਟੇ ਉੱਥੇ ਬਿਠਾਇਆ। ਇਸ ਤੋਂ ਬਾਅਦ, ਉਸਨੇ ਉਸਨੂੰ ਕਮਰੇ ਵਿੱਚ ਬੁਲਾਇਆ ਅਤੇ ਉਸਦਾ ਹੱਥ ਫੜ ਲਿਆ। ਫਿਰ ਉਸਨੇ ਅਸ਼ਲੀਲ ਹਰਕਤਾਂ ਕੀਤੀਆਂ। ਵਿਦਿਆਰਥਣ ਨੇ ਘਰ ਪਹੁੰਚ ਕੇ ਆਪਣੇ ਪਰਿਵਾਰ ਨੂੰ ਦੱਸਿਆ। ਇਸ ਤੋਂ ਬਾਅਦ, ਪਰਿਵਾਰ ਹਿੰਦੂ ਸੰਗਠਨਾਂ ਨਾਲ ਸਕੂਲ ਪਹੁੰਚ ਗਿਆ। ਉੱਥੇ ਭਾਰੀ ਹੰਗਾਮਾ ਹੋਇਆ।

ਪੀੜਤ ਵਿਦਿਆਰਥਣ ਨੇ ਦੱਸਿਆ ਕਿ ਬੁੱਧਵਾਰ ਸਵੇਰੇ 10 ਵਜੇ ਅਧਿਆਪਕ ਸ਼ਹਿਜ਼ਾਦ ਨੇ ਉਸਨੂੰ ਟੀਸੀ ਲੈਣ ਦੇ ਬਹਾਨੇ ਸਕੂਲ ਬੁਲਾਇਆ। ਵਿਦਿਆਰਥਣ ਨੂੰ ਦੋ ਘੰਟੇ ਸਕੂਲ ਦੇ ਬਾਹਰ ਬਿਠਾਇਆ ਗਿਆ। ਫਿਰ ਸ਼ਹਿਜ਼ਾਦ ਨੇ ਉਸਨੂੰ ਟੀਸੀ ਦੇਣ ਦੇ ਬਹਾਨੇ ਕਮਰੇ ਵਿੱਚ ਬੁਲਾਇਆ। ਉੱਥੇ ਅਧਿਆਪਕ ਨੇ ਉਸਦਾ ਹੱਥ ਫੜ ਕੇ ਉਸ ਨਾਲ ਛੇੜਛਾੜ ਕੀਤੀ।

ਦੋਸ਼ੀ ਸ਼ਹਿਜ਼ਾਦ ਪੁੱਤਰ ਸ਼ਬੀਰ ਸਕੂਲ ਵਿੱਚ ਪੜ੍ਹਾਉਂਦਾ ਸੀ ਅਤੇ ਉੱਥੇ ਇੱਕ ਕਲੀਨਿਕ ਵੀ ਚਲਾਉਂਦਾ ਸੀ। ਇਸ ਮਾਮਲੇ ਵਿੱਚ ਸੀਓ ਗਜੇਂਦਰ ਸਿੰਘ ਨੇ ਦੱਸਿਆ ਕਿ ਸਕੂਲ ਵਿੱਚ ਇੱਕ ਵਿਦਿਆਰਥਣ ਨਾਲ ਛੇੜਛਾੜ ਕੀਤੀ ਗਈ ਸੀ। ਦੋਸ਼ ਹੈ ਕਿ ਬੁਢਾਨਾ ਦੇ ਰਹਿਣ ਵਾਲੇ ਸਕੂਲ ਦੇ ਅਧਿਆਪਕ ਸ਼ਹਿਜ਼ਾਦ ਉਰਫ਼ ਸਮੀਰ ਨੇ ਵਿਦਿਆਰਥਣ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਸਨ। ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਖ਼ਿਲਾਫ਼ ਬੁਢਾਨਾ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ।

# ਪੰਜਾਬ ਵਿੱਚ ਜਿੰਨੀ ਵੀ ਗੈਰ-ਕਾਨੂੰਨੀ ਉਸਾਰੀਆਂ ਹੋਇਆਂ, ਸਾਰੀਆਂ ‘ਚ ਬਾਦਲ ਪਰਿਵਾਰ ਦੀ ਭੂਮਿਕਾ- ਸੌਂਧ

## ਕਿਹਾ- ਮਾਨ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਸਿਰਫ਼ ਲੈਂਡ ਮਾਫ਼ੀਆ ਲਈ ਖ਼ਤਰਾ

## - ਇਹ ਯੋਜਨਾ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਕਿਸਾਨ-ਪੱਖੀ ਹੈ, ਇੱਕ ਵੀ ਕਿਸਾਨ ਨੂੰ ਪਰੇਸ਼ਾਨ ਨਹੀਂ ਕੀਤਾ ਜਾਵੇਗਾ - ਸੌਂਧ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਲੁਧਿਆਣਾ, 28 ਮਈ 2025 - ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਲੈਂਡ ਪੂਲਿੰਗ ਸਕੀਮ ਨੂੰ ਲੈ ਕੇ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ‘ਤੇ ਹਮਲਾ ਬੋਲਿਆ ਅਤੇ ਉਨ੍ਹਾਂ ਨੂੰ ਭ੍ਰਿਸ਼ਟ ਅਤੇ ਹੰਕਾਰੀ ਕਿਹਾ। ਉਨ੍ਹਾਂ ਕਿਹਾ ਕਿ ਬਾਦਲ ਨੇ ਅੱਜ ਲੁਧਿਆਣਾ ਵਿੱਚ ਬੇਤੁਕੀ ਅਤੇ ਬੇਬੁਨਿਆਦ ਗੱਲਾਂ ਕਹੀਆਂ। ਉਨ੍ਹਾਂ ਦੇ ਸ਼ਬਦਾਂ ਵਿੱਚ ਉਨ੍ਹਾਂ ਦੇ ਰਾਜਨੀਤਿਕ ਅਤੇ ਆਰਥਿਕ ਹਿੱਤ ਸਾਫ਼ ਦਿਖਾਈ ਦੇ ਰਹੇ ਸਨ।

ਮੰਤਰੀ ਸੌਂਧ ਨੇ ਇਹ ਗੱਲਾਂ ਅੱਜ ਲੁਧਿਆਣਾ ਪੱਛਮੀ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਹੀਆਂ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਬਿਆਨ ਪੂਰੀ ਤਰ੍ਹਾਂ ਗੁੰਮਰਾਹਕੁੰਨ ਅਤੇ ਝੂਠਾ ਹੈ। ਸੁਖਬੀਰ ਬਾਦਲ ਆਪਣੇ ਸਮੇਂ ਦੌਰਾਨ ਇੱਕ ਵੱਡਾ ਭੂ-ਮਾਫੀਆ ਗੱਠਜੋੜ ਚਲਾ ਰਹੇ ਸਨ। ਪੰਜਾਬ ਦਾ ਹਰ ਬੱਚਾ ਜਾਣਦਾ ਹੈ ਕਿ ਪੰਜਾਬ ਵਿੱਚ ਹੋਈਆਂ ਸਾਰੀਆਂ ਗੈਰ-ਕਾਨੂੰਨੀ ਉਸਾਰੀਆਂ ਵਿੱਚ ਬਾਦਲ ਪਰਿਵਾਰ ਦੀ ਭੂਮਿਕਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਲੈਂਡ ਪੂਲਿੰਗ ਸਕੀਮ ਕਿਸਾਨਾਂ ਲਈ ਨਹੀਂ ਸਗੋਂ ਸੁਖਬੀਰ ਬਾਦਲ ਅਤੇ ਉਨ੍ਹਾਂ ਨਾਲ ਜੁੜੇ ਭੂ-ਮਾਫੀਆ ਲਈ ਖ਼ਤਰਾ ਹੈ। ਇਸ ਯੋਜਨਾ ਤਹਿਤ ਕਿਸੇ ਵੀ ਕਿਸਾਨ ਭਰਾ ਨੂੰ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਇੱਕ ਕਿਸਾਨ ਆਪਣੀ ਇੱਛਾ ਅਨੁਸਾਰ ਆਪਣੀ ਜ਼ਮੀਨ ਲੈਂਡ ਪੂਲ ਵਿੱਚ ਸਰਕਾਰ ਨੂੰ ਦੇ ਸਕਦਾ ਹੈ। ਸਰਕਾਰ ਉੱਥੇ ਸੜਕਾਂ ਬਣਾਏਗੀ, ਸਟਰੀਟ ਲਾਈਟਾਂ ਲਗਾਏਗੀ, ਐਸਟੀਪੀ ਪਲਾਂਟ ਲਗਾਏਗੀ ਅਤੇ ਹਰ ਤਰ੍ਹਾਂ ਦਾ ਬੁਨਿਆਦੀ ਢਾਂਚਾ ਉਸਾਰੇਗੀ।

ਸੌਂਧ ਨੇ ਕਿਹਾ ਕਿ ਸੁਖਬੀਰ ਬਾਦਲ ਲੈਂਡ ਪੂਲਿੰਗ ਸਕੀਮ ਸਬੰਧੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਸ ਯੋਜਨਾ ਦਾ ਲਾਭ ਕਿਸਾਨਾਂ ਨੂੰ ਮਿਲੇਗਾ। ਕਿਸੇ ਵੀ ਕਿਸਾਨ ਤੋਂ ਜ਼ਮੀਨ ਜ਼ਬਰਦਸਤੀ ਨਹੀਂ ਲਈ ਜਾਵੇਗੀ। ਉਹ ਆਪਣੀ ਮਰਜ਼ੀ ਅਨੁਸਾਰ ਆਪਣੀ ਜ਼ਮੀਨ ਦੇ ਸਕਦਾ ਹੈ, ਜੇਕਰ ਕੋਈ ਕਿਸਾਨ ਆਪਣੀ ਜ਼ਮੀਨ ਨਹੀਂ ਦੇਣਾ ਚਾਹੁੰਦਾ ਤਾਂ ਉਹ ਪਹਿਲਾਂ ਵਾਂਗ ਉਸ ‘ਤੇ ਖੇਤੀ ਕਰ ਸਕਦਾ ਹੈ। ਇਸ ਦੇ ਨਾਲ ਹੀ, ਜੋ ਵੀ ਕਿਸਾਨ ਇਸ ਯੋਜਨਾ ਲਈ ਆਪਣੀ ਜ਼ਮੀਨ ਦੇਵੇਗਾ, ਉਸਨੂੰ ਪ੍ਰਤੀ ਏਕੜ 1000 ਗਜ਼ ਰਿਹਾਇਸ਼ੀ ਅਤੇ 200 ਗਜ਼ ਵਪਾਰਕ ਪਲਾਟ ਮਿਲੇਗਾ, ਜਿਸ ਦੀ ਕੀਮਤ ਆਉਣ ਵਾਲੇ ਚਾਰ-ਪੰਜ ਸਾਲਾਂ ਵਿੱਚ ਮੌਜੂਦਾ ਬਾਜ਼ਾਰ ਦਰ ਤੋਂ ਘੱਟੋ-ਘੱਟ ਪੰਜ ਗੁਣਾ ਵੱਧ ਜਾਵੇਗੀ, ਜਿਸ ਨਾਲ ਕਿਸਾਨਾਂ ਨੂੰ ਭਾਰੀ ਆਰਥਿਕ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਅਤੇ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿੱਚ ਅਪਰਾਧ, ਨਸ਼ਾ ਅਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕੀਤਾ, ਜਿਸ ਕਾਰਨ ਅੱਜ ਪੰਜਾਬ ਦੇ ਲੋਕ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਦੇ ਨਾਲ ਹੀ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ‘ਆਪ’ ਸਰਕਾਰ ਪੰਜਾਬ ਵਿੱਚੋਂ ਨਸ਼ਾ, ਭ੍ਰਿਸ਼ਟਾਚਾਰ ਅਤੇ ਅਪਰਾਧ ਨੂੰ ਖਤਮ ਕਰਨ ਲਈ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ।

ਤਰੁਣ ਪ੍ਰੀਤ ਸੌਂਧ ਨੇ ਕਿਹਾ ਕਿ ਅੱਜ ਬਾਦਲ ਕਿਸਾਨਾਂ ਬਾਰੇ ਗੱਲ ਕਰ ਰਹੇ ਹਨ ਪਰ ਜਦੋਂ ਤਿੰਨ ਕਾਲੇ ਕਾਨੂੰਨ ਆਏ ਤਾਂ ਉਹ ਉਨ੍ਹਾਂ ਦੇ ਹੱਕ ਵਿੱਚ ਸਨ। ਬਾਅਦ ਵਿੱਚ ਉਨ੍ਹਾਂ ਨੇ ਯੂ-ਟਰਨ ਲੈ ਲਿਆ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਦੱਸਣਾ ਚਾਹੀਦਾ ਹੈ ਕਿ ਜਦੋਂ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ



ਫੂਡ ਪ੍ਰੋਸੈਸਿੰਗ ਮੰਤਰੀ ਸੀ, ਤਾਂ ਉਹ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਨਾਲ ਸਬੰਧਿਤ ਕਿੰਨੇ ਪ੍ਰੋਜੈਕਟ ਲੈ ਕੇ ਆਏ ਸਨ, ਜਦੋਂ ਕਿ ਫੂਡ ਪ੍ਰੋਸੈਸਿੰਗ ਯੂਨਿਟਾਂ ਦੀ ਸਥਾਪਨਾ ਅਸਲ ਵਿੱਚ ਕਿਸਾਨਾਂ ਦੀ ਖੁਸ਼ਹਾਲੀ ਦਾ ਕਾਰਨ ਬਣਦੀ ਸੀ। ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਹਮੇਸ਼ਾ ਕਿਸਾਨਾਂ ਲਈ ਮਗਰਮੱਛ ਦੇ ਹੰਝੂ ਵਹਾਏ ਹਨ।

ਸੁਖਬੀਰ ਬਾਦਲ ਨੂੰ SYL ਮੁੱਦੇ ‘ਤੇ ਕਿਸਾਨਾਂ ਨੂੰ ਇਹ ਵੀ ਜਵਾਬ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੇ ਆਰਥਿਕ ਹਿੱਤਾਂ ਲਈ ਹਰਿਆਣਾ ਨਾਲ ਸਮਝੌਤਾ ਕਿਵੇਂ ਕੀਤਾ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਸਿਰਫ਼ ਬਚਕਾਨਾ ਗੱਲਾਂ ਕਰਦੇ ਹਨ। ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਨਹੀਂ ਮੰਨਦੇ। ਉਹ ਜਥੇਦਾਰਾਂ ਦੀ ਗੱਲ ਨਹੀਂ ਸੁਣਦੇ ਅਤੇ ਪੰਥ ਨੂੰ ਆਪਣੇ ਹੱਥਾਂ ਦੀ ਕਠਪੁਤਲੀ ਸਮਝਦੇ ਹਨ। ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ‘ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

# ਕੀਰਤਪੁਰ ਸਾਹਿਬ 'ਚ ਮਲੇਰੀਆ ਵਿਰੁੱਧ ਮੁਹਿੰਮ ਤੇਜ਼, ਪ੍ਰਵਾਸੀਆਂ ਦਾ ਕੀਤਾ ਫੀਵਰ ਸਰਵੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਸ੍ਰੀ ਕੀਰਤਪੁਰ ਸਾਹਿਬ (28 ਮਈ,2025) - ਸਿਹਤ ਵਿਭਾਗ ਦੀ ਟੀਮ ਵੱਲੋਂ ਕੀਰਤਪੁਰ ਸਾਹਿਬ ਵਿਖੇ ਪ੍ਰਵਾਸੀ ਆਬਾਦੀ ਵਾਲੇ ਇਲਾਕਿਆਂ ਦਾ ਦੌਰਾ ਕਰਕੇ ਮਲੇਰੀਆ ਦੇ ਸ਼ੱਕੀ ਮਰੀਜ਼ਾਂ ਦਾ ਫੀਵਰ ਸਰਵੇ ਕੀਤਾ ਗਿਆ ਤਾਂ ਜੋ ਰੋਗ ਦਾ ਪਤਾ ਲਗਾ ਕੇ ਸਮੇਂ ਸਿਰ ਇਲਾਜ ਸ਼ੁਰੂ ਕੀਤਾ ਜਾ ਸਕੇ।

ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਰੂਪਨਗਰ ਦੇ ਸਿਵਲ ਸਰਜਨ ਡਾਕਟਰ ਸਵਪਨਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟੀਮ ਵੱਲੋਂ ਬਲਾਕ ਕੀਰਤਪੁਰ ਸਾਹਿਬ ਅਧੀਨ ਝੁੱਗੀਆਂ, ਝੌਂਪੜੀਆਂ ਵਾਲੇ ਇਲਾਕਿਆਂ ਦਾ ਦੌਰਾ ਕੀਤਾ ਗਿਆ ਅਤੇ ਇਸ ਦੌਰਾਨ ਕਈ ਦਿਨਾਂ ਤੋਂ ਬੁਖ਼ਾਰ ਨਾਲ ਪੀੜ੍ਹਤ ਪ੍ਰਵਾਸੀਆਂ ਦਾ ਫੀਵਰ ਸਰਵੇ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਮਲੇਰੀਆ ਦੇ ਪ੍ਰਸਾਰ ਨੂੰ ਰੋਕਣ ਲਈ ਇਹ ਕਦਮ ਚੁੱਕਿਆ ਗਿਆ ਹੈ। ਉਹਨਾਂ ਦੱਸਿਆ ਕਿ ਕੀਰਤਪੁਰ ਸਾਹਿਬ ਦੀ ਦਾਣਾ ਮੰਡੀ, ਪਿੰਡ ਗੋਹਲਣੀ, ਭੱਲੜੀ, ਖਮੇੜਾ, ਅਗੰਮਪੁਰ ਅਤੇ ਮਹਿਲਵਾਂ ਵਿਖੇ ਝੁੱਗੀਆਂ ਵਿਚ ਰਹਿੰਦੇ ਸ਼ੱਕੀ ਮਰੀਜ਼ਾਂ ਦੀ ਆਰ.ਡੀ.ਟੀ ਕਿੱਟ ਰਾਹੀਂ ਮਲੇਰੀਆ ਜਾਂਚ ਕੀਤੀ ਗਈ। ਇਸ ਦੌਰਾਨ ਟੀਮ ਵੱਲੋਂ ਕਬਾੜ ਵਿਚ ਪਏ ਸਮਾਨ, ਡਰੰਮਾਂ ਅਤੇ ਟਾਇਰਾਂ ਆਦਿ ਦਾ ਮੁਆਇਨਾ ਕੀਤਾ ਗਿਆ ਅਤੇ ਉੱਥੇ ਰਹਿੰਦੇ ਲੋਕਾਂ ਨੂੰ ਆਪਣੇ ਆਲੇ ਦੁਆਲੇ ਸਾਫ਼ ਸਫ਼ਾਈ ਰੱਖਣ ਦੇ ਨਾਲ ਨਾਲ ਪਾਣੀ ਖੜ੍ਹਾ ਨਾ ਹੋਣ ਦੀ ਸਲਾਹ ਦਿੱਤੀ ਗਈ।

ਐੱਸ. ਐੱਮ. ਆ ਈ ਸਿਕੰਦਰ ਸਿੰਘ ਅਤੇ ਹੈਲਥ ਇੰਸਪੈਕਟਰ ਸੁਖਦੀਪ ਸਿੰਘ ਨੇ ਦੱਸਿਆ ਕਿ ਫ਼ੀਵਰ ਸਰਵੇ ਕਰਨ ਵਾਲੀ ਟੀਮ ਵਿਚ ਸੀ.ਐਚ.ਓ ਮਨਪ੍ਰੀਤ ਕੌਰ, ਮਲਟੀਪਰਪਜ਼ ਹੈਲਥ ਵਰਕਰ ਕੁਲਵਿੰਦਰ ਸਿੰਘ, ਅਮਨਦੀਪ ਸਿੰਘ, ਪ੍ਰਭਜੋਤ ਸਿੰਘ, ਬਲਜੀਤ ਸਿੰਘ, ਨਰੇਸ਼ ਕੁਮਾਰ ਅਤੇ ਨਵਜੀਤ ਸੰਧੂ ਤੋਂ ਇਲਾਵਾ ਨਰਸਿੰਗ ਕਾਲਜ ਦੇ ਵਿਦਿਆਰਥੀ ਸ਼ਾਮਲ ਸਨ।

# ਸਿਹਤਮੰਦ ਮਹੀਨਾ, ਸਿਹਤਮੰਦ ਜੀਵਨ – ਭਰਤਗੜ੍ਹ ਸਕੂਲ 'ਚ ਮਹਾਵਾਰੀ ਸਫਾਈ ਦਿਵਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਭਰਤਗੜ੍ਹ, 28 ਮਈ — ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਰਤਗੜ੍ਹ ਵਿੱਚ ਮਹਾਵਾਰੀ ਸਫਾਈ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੀਆਂ ਲੜਕੀਆਂ ਨੂੰ ਮਹਾਵਾਰੀ ਦੌਰਾਨ ਸਫਾਈ ਦੀ ਮਹੱਤਾ ਬਾਰੇ ਜਾਣੂ ਕਰਵਾਉਣ ਲਈ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ ਗਿਆ।

ਇਹ ਲੈਕਚਰ ਨਰਸਿੰਗ ਸਿਸਟਰ ਬੰਦਨਾ ਸ਼ਰਮਾ, ਸਟਾਫ ਨਰਸ ਭੁਪਿੰਦਰ ਕੌਰ, ਅਤੇ ਸਟਾਫ ਨਰਸ ਪ੍ਰੀਤ ਕਮਲ ਵੱਲੋਂ ਦਿੱਤਾ ਗਿਆ। ਉਨ੍ਹਾਂ ਨੇ ਲੜਕੀਆਂ ਨੂੰ ਮਹਾਵਾਰੀ ਦੌਰਾਨ ਸਰੀਰਕ ਸਫਾਈ, ਸੈਨੀਟਰੀ ਨੈਪਕਿਨ ਦੀ ਸਹੀ ਵਰਤੋਂ, ਅਤੇ ਵਿਅਕਤੀਗਤ ਸਫਾਈ ਨਾਲ ਜੁੜੀਆਂ ਹੋਰ ਜਰੂਰੀ ਗੱਲਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਇਸ ਸਮਾਗਮ ਦੀ ਸਫਲਤਾ ਵਿੱਚ ਸਕੂਲ ਦੇ ਪ੍ਰਿੰਸੀਪਲ ਰਮੇਸ਼ ਕੁਮਾਰ ਅਤੇ ਅਧਿਆਪਕ ਸਟਾਫ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ। ਉਨ੍ਹਾਂ ਨੇ ਇਸ ਜਾਗਰੂਕਤਾ ਲੈਕਚਰ ਦੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਈ ਅਤੇ ਵਿਦਿਆਰਥਣਾਂ ਨੂੰ ਉਤਸ਼ਾਹਤ ਕੀਤਾ ਕਿ ਉਹ ਖੁਦ ਦੀ ਸਿਹਤ ਅਤੇ ਸਫਾਈ ਲਈ ਜਾਗਰੂਕ ਹੋਣ।

ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਾਈ ਨੇ ਕਿਹਾ ਕਿ ਮਹਾਵਾਰੀ ਸਫਾਈ ਦਿਵਸ ਮਨਾਉਣ ਦਾ ਮੁੱਖ ਉਦੇਸ਼ ਨੌਜਵਾਨ ਕੁੜੀਆਂ ਵਿੱਚ ਸਿਹਤ ਸੰਬੰਧੀ ਜਾਗਰੂਕਤਾ ਪੈਦਾ ਕਰਨਾ ਹੈ। ਅਸੀਂ ਇਨ੍ਹਾਂ ਲੈਕਚਰਾਂ ਰਾਹੀਂ ਸਮਾਜਿਕ ਭਰਮਾਂ ਨੂੰ ਦੂਰ ਕਰਕੇ, ਕੁੜੀਆਂ ਨੂੰ ਸਹੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ, ਤਾਂ ਜੋ ਉਹ ਇਕ ਸਿਹਤਮੰਦ ਤੇ ਆਤਮਵਿਸ਼ਵਾਸੀ ਜੀਵਨ ਜੀ ਸਕਣ।

ਲੈਕਚਰ ਤੋਂ ਬਾਅਦ ਵਿਦਿਆਰਥਣਾਂ ਦੇ ਸਵਾਲਾਂ ਦੇ ਸੰਤੋਸ਼ਜਨਕ ਜਵਾਬ ਦਿੱਤੇ ਗਏ ਅਤੇ ਉਨ੍ਹਾਂ ਨੂੰ ਸੈਨੀਟਰੀ ਨੈਪਕਿਨ ਵਰਤਣ ਦੀ ਪ੍ਰੇਰਣਾ ਦਿੱਤੀ ਗਈ। ਇਹ ਪਹਲ ਸੀ.ਐਚ.ਸੀ ਭਰਤਗੜ੍ਹ ਵੱਲੋਂ ਸਿਹਤ, ਸਫਾਈ ਅਤੇ ਜਾਗਰੂਕਤਾ ਵਧਾਉਣ ਵੱਲ ਇੱਕ ਉੱਤਮ ਅਤੇ ਪ੍ਰਸ਼ੰਸਨੀਯੋਗ ਕਦਮ ਸੀ।

# ਹੇਮਕੁੰਟ ਸਕੂਲ ਦੀਆਂ ਵਿਦਿਆਰਥਨਾਂ ਨੇ ਸਾਇੰਸ ਮੁਕਾਬਲਿਆਂ ਵਿੱਚ ਬਾਜ਼ੀ ਮਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਜ਼ੀਰਾ 28 ਮਈ (ਅੰਗਰੇਜ਼ ਬਰਾੜ) - ਡਿਪਾਰਟਮੈਂਟ ਆਫ ਸਾਇੰਸ ਟੈਕਨੋਲਜੀ ਭਾਰਤ ਵੱਲੋਂ ਜ਼ਿਲਾ ਪੱਧਰ ਤੇ ਵਿਦਿਆਰਥੀਆਂ ਦੇ ਸਾਇੰਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਮੋਗਾ, ਲੁਧਿਆਣਾ ਅਤੇ ਫਿਰੋਜ਼ਪੁਰ ਦੇ ਵਿਦਿਆਰਥੀਆਂ ਨੇ ਭਾਗ ਲਿਆ, ਮੋਗਾ ਜ਼ਿਲਾ ਤੋਂ ਨਾਮਵਰ ਵਿੱਦਿਅਕ ਸੰਸਥਾ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦੀਆਂ ਦੇ ਵਿਦਿਆਰਥਣਾਂ ਰੀਆ ਸ਼ਰਮਾ ਅਤੇ ਖੁਸ਼ਪ੍ਰੀਤ ਕੌਰ ਨੇ ਪ੍ਰੋਜੈਕਟ ਮੁਕਾਬਲਾ ਵਿੱਚ ਭਾਗ ਲੈ ਕੇ ਬਾਜ਼ੀ ਮਾਰੀ! ਇਹਨਾਂ ਵਿਦਿਆਰਥਣਾਂ ਨੂੰ ਸਾਇੰਸ ਡਿਪਾਰਟਮੈਂਟ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਗਏ। ਸਕੂਲ ਪਹੁੰਚਣ ਤੇ ਇਹਨਾਂ ਵਿਦਿਆਰਥਣਾਂ ਨੂੰ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਅਤੇ ਐਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਸਕੂਲ ਵੱਲੋਂ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ। ਮੈਡਮ ਰਣਜੀਤ ਕੌਰ ਸੰਧੂ ਅਤੇ ਚੇਅਰਮੈਨ ਕਲਵੰਤ ਸਿੰਘ ਸੰਧੂ ਨੇ ਵਿਦਿਆਰਥਣਾਂ ਨੂੰ ਸ਼ੁਭਕਾਮਨਾ ਦਿੰਦੇ ਹੋਏ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਅਤੇ ਸੋਨੀਆ ਸ਼ਰਮਾ ਵੱਲੋਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਉਹਨਾਂ ਨਾਲ ਵਿਚਾਰ ਸਾਂਝੇ ਕੀਤੇ!

ਸਾਇੰਸ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀ ਨਾਲ ਚੇਅਰਮੈਨ ਕੁਲਵੰਤ ਸਿੰਘ ਸੰਧੂ ਮੈਡਮ ਰਣਜੀਤ ਕੌਰ ਸੰਧੂ ਅਤੇ ਪ੍ਰਿੰਸੀਪਲ ਸਾਹਿਬਾਨ!

# ਸਰਕਾਰ ਦੀ 'ਅਰਬਨ ਅਸਟੇਟ' ਯੋਜਨਾ ਵਿਰੁੱਧ ਕਿਸਾਨਾਂ ਨੇ ਸੰਘਰਸ਼ ਵਿੱਢਿਆ- ਬੂਟਾ ਸਿੰਘ ਮਹਿਮੂਦਪੁਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਲੁਧਿਆਣਾ: ਸਰਕਾਰਾਂ ਕਿਸ ਤਰ੍ਹਾਂ ਆਮ ਲੋਕਾਂ ਦੀਆਂ ਰਾਜਨੀਤਕ ਤਬਦੀਲੀ ਦੀਆਂ ਭਾਵਨਾਵਾਂ ਦਾ ਲਾਹਾ ਲੈ ਕੇ ਲੋਕ ਵਿਰੋਧੀ ਨੀਤੀਆਂ ਲਾਗੂ ਕਰਦੀਆਂ ਹਨ ਇਸ ਦੀ ਤਾਜ਼ਾ ਮਿਸਾਲ ਭਗਵੰਤ ਮਾਨ ਜੁੰਡਲੀ ਹੈ। 'ਆਮ ਆਦਮੀ ਪਾਰਟੀ' ਦੀ ਸਰਕਾਰ ਜਿੱਥੇ ਪੁਲਿਸ ਨੂੰ ਲੋਕ ਸੰਘਰਸ਼ਾਂ ਵਿਰੁੱਧ ਆਪਣੇ ਨਿੱਜੀ ਗੁੰਡਾ ਗੈਂਗ ਦੀ ਤਰ੍ਹਾਂ ਵਰਤ ਰਹੀ ਹੈ, ਉੱਥੇ ਲੋਕ ਵਿਰੋਧੀ ਫ਼ੈਸਲੇ ਲੈਣ ਦੇ ਨਵੇਂ ਰਿਕਾਰਡ ਕਾਇਮ ਕਰ ਰਹੀ ਹੈ। ਇਸੇ ਤਰ੍ਹਾਂ ਦਾ ਇਕ ਫ਼ੈਸਲਾ 'ਗਲਾਡਾ' (ਗਰੇਟਰ ਲੁਧਿਆਣਾ ਡਿਵੈਲਪਮੈਂਟ ਅਥਾਰਟੀ) ਰਾਹੀਂ ਲੁਧਿਆਣਾ ਜਿਲੇ ਦੇ ਪਿੰਡਾਂ ਦੀ 24311 ਏਕੜ ਜ਼ਮੀਨ ਅਕਵਾਇਰ ਕਰਕੇ ਅਰਬਨ ਅਸਟੇਟ ਉਸਾਰਨ ਦਾ ਹੈ। ਇਸ ਲੋਕ ਮਾਰੂ ਫ਼ੈਸਲੇ ਵਿਰੁੱਧ ਵੱਖ-ਵੱਖ ਤਾਕਤਾਂ ਨੇ ਮਿਲਕੇ ਅੰਦੋਲਨ ਵਿੱਢ ਦਿੱਤਾ ਹੈ। 32 ਪਿੰਡਾਂ 'ਚ ਗਰਾਮ ਸਭਾਵਾਂ ਦੇ ਅਜਲਾਸ ਕਰਕੇ ਜ਼ਮੀਨ ਐਕਵਾਇਰ ਕਰਨ ਦੇ ਸਰਕਾਰੀ ਫ਼ਰਮਾਨ ਵਿਰੁੱਧ ਮਤੇ ਪਾਏ ਗਏ ਹਨ। ਅਕਾਲੀ ਦਲ ਵਰਗੇ ਲੋਕ-ਵਿਰੋਧੀ ਰਾਜਨੀਤਕ ਟੋਲੇ ਇਸ ਮੁੱਦੇ ਉੱਪਰ ਰਾਜਨੀਤਕ ਰੋਟੀਆਂ ਸੇਕਣ ਲਈ ਪੂਰੇ ਸਰਗਰਮ ਹਨ। ਪਰ ਬੀ.ਕੇ. ਯੂ.(ਏਕਤਾ-ਡਕੌਂਦਾ), ਬੀ.ਕੇ. ਯੂ.(ਏਕਤਾ-ਉਗਰਾਹਾਂ) ਅਤੇ ਹੋਰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਵਿਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਕਾਰਨ ਮੌਕਾਪ੍ਰਸਤ ਰਾਜਨੀਤਕ ਪਾਰਟੀਆਂ ਦਾ ਲਾਹਾ ਸੀਮਤ ਹੋ ਗਿਆ ਹੈ। ਇਹ ਠੀਕ ਹੈ, ਵਿਰੋਧੀ-ਧਿਰ ਦੀਆਂ ਮੌਕਾਪ੍ਰਸਤ ਪਾਰਟੀਆਂ ਅਜਿਹੇ ਮੁੱਦਿਆਂ ਨੂੰ ਸੱਤਾਧਾਰੀ ਧਿਰ ਨੂੰ ਰਾਜਨੀਤਕ ਤੌਰ 'ਤੇ ਘੇਰਨ ਲਈ ਵਰਤਦੀਆਂ ਹਨ। ਸਰਕਾਰ ਨੂੰ ਇਹ ਪਤਾ ਹੋਣ ਦੇ ਬਾਵਜੂਦ ਹਰਪਾਲ ਚੀਮੇ ਵਰਗੇ ਜ਼ਮੀਰ-ਫ਼ਰੋਸ਼ ਮੰਤਰੀ ਅੰਦੋਲਨ ਨੂੰ ਬਦਨਾਮ ਕਰਨ ਲਈ ਜਾਣ-ਬੁੱਝਕੇ ਦੁਸ਼ਣਬਾਜ਼ੀ ਕਰ ਰਹੇ ਹਨ ਕਿ ਵਿਰੋਧੀ-ਧਿਰ ਇਹ ਮੁੱਦਾ ਉਠਾ ਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ।

ਇਹ ਲੈਂਡ ਪੂਲਿੰਗ ਐਕਟ ਭੋਇੰ ਮਾਫ਼ੀਏ ਨੂੰ ਕਿਸਾਨਾਂ ਦੀ ਵਡਮੁੱਲੀ ਜ਼ਮੀਨ ਕੌਡੀਆਂ ਦੇ ਭਾਅ ਲੁਟਾ ਕੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਘਸਿਆਰੇ ਬਣਾਉਣ ਵਾਲਾ ਹੈ। ਜਥੇਬੰਦੀਆਂ ਵੱਲੋਂ ਪਿੰਡਾਂ ਦੇ ਲੋਕਾਂ ਅਤੇ ਪੰਚਾਇਤਾਂ ਨੂੰ ਇਸ ਐਕਟ ਰਾਹੀਂ ਹੋਣ ਜਾ ਰਹੇ ਨੁਕਸਾਨ ਬਾਰੇ ਸੁਚੇਤ ਕਰਕੇ ਇਸ ਸਰਕਾਰੀ ਫ਼ਰਮਾਨ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ। ਜਥੇਬੰਦੀਆਂ ਦੇ ਆਗੂ ਹੋਕਾ ਦੇ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ, ਖ਼ਾਸ ਕਰਕੇ ਖੇਤੀ ਦੇ ਸੰਕਟ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਕਿਸਾਨਾਂ ਤੇ ਜ਼ਮੀਨਾਂ ਖੋਹਣ ਅਤੇ ਪ੍ਰਾਪਟੀ ਡੀਲਰ ਬਣਕੇ ਇਸ ਕਾਲੇ ਧੰਦੇ ਵਿੱਚੋਂ ਮੋਟੇ ਹਿੱਸੇ ਵਸੂਲਣ ਦੀ ਨੀਤੀ 'ਤੇ ਚੱਲ ਰਹੀ ਹੈ। ਜ਼ਮੀਨ ਖੁੱਸ ਜਾਣ ਨਾਲ ਕਿਸਾਨ ਬੇਰੁਜ਼ਗਾਰ ਹੋਣਗੇ ਉੱਥੇ ਇਸ ਦਾ ਅਸਰ ਸਾਧਨ-ਵਿਹੂਣੇ ਖੇਤ ਮਜ਼ਦੂਰਾਂ ਉੱਪਰ ਵੀ ਪਵੇਗਾ। ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਨੇ ਇਸ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। 27 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਲੁਧਿਆਣਾ ਵਿਖੇ ਗਲਾਡਾ ਦਫਤਰ ਅੱਗੇ ਚੇਤਾਵਨੀ ਰੈਲੀ ਕੀਤੀ ਗਈ ਜਿਸ ਵਿਚ ਕਿਸਾਨ ਜਥੇਬੰਦੀਆਂ ਦੇ ਨਾਲ-ਨਾਲ ਹੋਰ ਭਰਾਤਰੀ ਜਥੇਬੰਦੀਆਂ ਨੇ ਵੀ ਹਿੱਸਾ ਲਿਆ। ਗਲਾਡਾ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਦੇ ਨਾਂ ਮੰਗ-ਪੱਤਰ ਭੇਜਕੇ ਇਹ ਕਿਸਾਨ ਵਿਰੋਧੀ-ਲੋਕ ਵਿਰੋਧੀ ਪ੍ਰੋਜੈਕਟ ਰੱਦ ਕਰਨ ਦੀ ਮੰਗ ਕੀਤੀ ਗਈ। ਅੰਦੋਲਨ ਤਿੱਖਾ ਹੋਣ ਨਾਲ ਇਹ ਫ਼ੈਸਲਾ ਸਰਕਾਰ ਲਈ ਵੱਡੀ ਸਮੱਸਿਆ ਬਣ ਸਕਦਾ ਹੈ।

# ਸੋਸ਼ਲ ਮੀਡੀਆ ਦੀ ਬਜਾਏ ਅਖਬਾਰਾਂ ਪੜ੍ਹੋ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਕੁੱਝ ਦਹਾਕੇ ਪਹਿਲਾਂ ਘੱਟ ਪੜ੍ਹੇ ਲਿਖੇ ਲੋਕ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਖ਼ਬਾਰ ਬਹੁਤ ਹੀ ਨੀਝ ਨਾਲ ਪੜ੍ਹਦੇ ਸਨ। ਜਿਸ ਕਰਕੇ ਉਹਨਾਂ ਦੇ ਗਿਆਨ ਦਾ ਭੰਡਾਰ ਬਹੁਤ ਵਿਸ਼ਾਲ ਹੋ ਜਾਂਦਾ ਸੀ ਤੇ ਉਹ ਗਿਆਨ ਪੱਖੋਂ ਵਿਦਵਾਨ ਬਣ ਜਾਂਦੇ ਸਨ। ਪ੍ਰੰਤੂ ਅੱਜ ਕੱਲ ਨੌਜਵਾਨ ਵਰਗ ਸ਼ੋਸ਼ਲ ਮੀਡੀਆ ਨਾਲ ਹੀ ਦਿਨ ਰਾਤ ਰਿਸ਼ਤਾ ਬਣਾਈ ਰੱਖਦਾ ਹੈ। ਜਿਸ ਕਰਕੇ ਉਹਨਾਂ ਦੀ ਸਿਹਤ ਤੇ ਬਹੁਤ ਬੁਰਾ ਅਸਰ ਤਾਂ ਪੈਂਦਾ ਹੀ ਹੈ,ਸਗੋਂ ਰਿਸ਼ਤੇ ਵੀ ਟੁੱਟਦੇ ਹਨ। ਇਸ ਲਈ ਨੌਜਵਾਨ ਵਰਗ ਨੂੰ ਆਪਣਾ ਗਿਆਨ ਵਧਾਉਣ ਅਤੇ ਸਮਾਜ ਪ੍ਰਤੀ ਜਾਣਕਾਰੀ ਵਧਾਉਣ ਲਈ ਅਖ਼ਬਾਰ ਜ਼ਰੂਰ ਪੜ੍ਹਦੇ ਰਹਿਣਾ ਚਾਹੀਦਾ ਹੈ। ਅਖ਼ਬਾਰ ਵੀ ਆਨਲਾਈਨ ਦੀ ਬਜਾਏ ਅਸਲ ਕਾਪੀ ਜ਼ਰੂਰ ਘਰ ਸ਼ੁਰੂ ਕਰਵਾਉਣੀ ਚਾਹੀਦੀ ਹੈ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪੋ ਆਪਣੇ ਘਰਾਂ ਵਿੱਚ ਅੱਜ ਤੋਂ ਹੀ ਅਖ਼ਬਾਰ ਪੜ੍ਹਨ ਲਈ ਜ਼ਰੂਰ ਲਗਵਾਉਣ ਤਾਂ ਕਿ ਉਹਨਾਂ ਦੇ ਬੱਚਿਆਂ ਨੂੰ ਵੀ ਅਖ਼ਬਾਰ ਪੜ੍ਹਨ ਦੀ ਆਦਤ ਬਣ ਸਕੇ। ਕਿਓਕਿ ਵੱਡੇ ਵੱਡੇ ਅਹੁਦਿਆਂ ਤੇ ਪਹੁੰਚਾਉਣ ਵਿੱਚ ਅਖ਼ਬਾਰਾਂ ਦੀ ਅਕਸਰ ਹੀ ਅਹਿਮ ਭੂਮਿਕਾ ਰਹੀ ਹੈ।

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ
(ਬਠਿੰਡਾ)

# ਵਿਸ਼ਵ ਮਾਸਿਕ ਧਰਮ ਦੇਖਭਾਲ ਸਬੰਧੀ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ (ਸ਼ਿਵ ਕੌੜਾ) ਸਿਵਲ ਸਰਜਨ ਡਾ ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਅੱਜ ਕਮਿਊਨਿਟੀ ਹੈਲਥ ਸੈਂਟਰ ਬੜ੍ਹਾ ਪਿੰਡ ਵੱਲੋਂ ਵਿਸ਼ਵ ਮਾਸਿਕ ਧਰਮ ਦੇਖਭਾਲ ਦਿਵਸ ਸੀਨੀਅਰ ਮੈਡੀਕਲ ਅਫ਼ਸਰ ਡਾ ਕਮਲਜੀਤ ਕੌਰ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਤੇ ਔਰਤਾਂ ਅਤੇ ਵਿਦਿਆਰਥਣਾਂ ਨੂੰ ਮਾਸਿਕ ਧਰਮ ਦੌਰਾਨ ਸਿਹਤਮੰਦ ਸਫਾਈ ਆਦਤਾਂ ਅਤੇ ਸੰਕ੍ਰਮਣ ਤੋਂ ਬਚਾਅ ਬਾਰੇ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਕਾਰਜਕ੍ਰਮ ਆਯੋਜਿਤ ਕੀਤਾ ਗਿਆ ਕਾਰਜਕ੍ਰਮ ਦੀ ਅਗਵਾਈ ਮੈਡੀਕਲ ਅਫਸਰ ਡਾ ਮਮਤਾ ਗੌਤਮ ਵੱਲੋਂ ਕੀਤੀ ਗਈ। ਕਮਿਊਨਿਟੀ ਹੈਲਥ ਅਫਸਰ ਡਾ ਰਿਤੂ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਮਾਸਿਕ ਧਰਮ ਇੱਕ ਕੁਦਰਤੀ ਜੈਵਿਕ ਪ੍ਰਕਿਰਿਆ ਹੈ, ਜਿਸਨੂੰ ਲੁਕਾਉਣ ਦੀ ਥਾਂ ਇਸ ਬਾਰੇ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਹੈ, ਤਾਂ ਜੋ ਨੌਜਵਾਨ ਕੁੜੀਆਂ ਅਤੇ ਮਹਿਲਾਵਾਂ ਵਿੱਚ ਆਤਮ ਵਿਸ਼ਵਾਸ ਵਧ ਸਕੇ ਅਤੇ ਸਿਹਤ ਸੰਬੰਧੀ ਕੋਈ ਗੰਭੀਰ ਸਮੱਸਿਆ ਨਾ ਪੈਦਾ ਹੋਵੇ ਇਸ ਮੌਕੇ ਉੱਤੇ ਐਨਐਮ ਅਤੇ ਆਸ਼ਾ ਵਰਕਰਾਂ ਵੱਲੋਂ ਵਿਦਿਆਰਥਣਾਂ ਨੂੰ ਹਾਲਾਤਾਂ ਅਨੁਸਾਰ ਸੈਨੇਟਰੀ ਨੈਪਕਿਨ ਦੀ ਸਹੀ ਵਰਤੋਂ, ਸੇਫ ਡਿਸਪੋਜ਼ਲ ਅਤੇ ਗੈਰ ਵਿਗਿਆਨਕ ਸੋਚ ਤੋਂ ਦੂਰ ਰਹਿਣ ਬਾਰੇ ਜਾਣਕਾਰੀ ਦਿੱਤੀ ਗਈ ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਮਾਸਿਕ ਧਰਮ ਸਫਾਈ ਬਾਰੇ ਸਹੀ ਜਾਣਕਾਰੀ ਲਈ ਆਪਣੇ ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕਰਨ ਅਤੇ ਇਸ ਬਾਰੇ ਜਾਗਰੂਕ ਰਹਿਣ

# ਸ਼ੋਸ਼ਲ ਮੀਡੀਏ ਬਨਾਮ ਪ੍ਰਿੰਟ ਮੀਡੀਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com

ਅਖ਼ਬਾਰ ਛਪਣ ਦੀ ਸ਼ੁਰੂਆਤ ਜਰਮਨ ਤੇ ਹੋਈ।ਜੋ ਕੱਪੜੇ ਤੇ ਛਪਦਾ ਸੀ ਤੇ ਉਸ ਅਖ਼ਬਾਰ ਦਾ ਨਾ ਸੀ ਫਿਰਤੂ। ਅਖ਼ਬਾਰ ਕੋਈ ਵੀ ਜਾਣਕਾਰੀ ਹਾਸਲ ਕਰਨ ਦਾ ਬਹੁਤ ਵਧੀਆ ਸਰੋਤ ਹੈ।ਅਖ਼ਬਾਰ ਚ ਛਪੀ ਜਾਣਕਾਰੀ ਦੀ ਆਪਣੀ ਮਹੱਤਤਾ ਹੈ।ਜੋ ਅੱਜ ਵੀ ਉਸੇ ਤਰਾਂ ਬਰਕਰਾਰ ਹੈ।ਭਾਂਵੇ ਕੇ ਸ਼ੋਸ਼ਲ ਮੀਡੀਆ ਦਾ ਯੁੱਗ ਸਿਖਰਾਂ ਉੱਤੇ ਹੈ।ਪਰ ਇਸ ਦੇ ਬਾਵਜੂਦ ਅਖ਼ਬਾਰ ਦੀ ਮਹੱਤਤਾ ਨੂੰ ਅੱਖੇ ਪਰੋਖੇ ਜਾਂ ਅਣਗੌਲਿਆ ਨਹੀਂ ਕੀਤਾ ਜਾ ਸਕਦਾ।ਜਿਸ ਲਈ ਅਖ਼ਬਾਰ ਦੀ ਮਹੱਤਤਾ ਨੂੰ ਸਮਝਣ ਦੀ ਜਰੂਰਤ ਹੈ।

ਅਖਬਾਰਾਂ ਉੱਤੇ ਮਾਰ ਕਰੋਨਾ ਦੌਰਾਨ ਪਈ।ਕਰੋਨਾ ਤੋ ਪਹਿਲਾਂ ਅਖ਼ਬਾਰ ਹੀ ਖ਼ਬਰਾਂ ਦਾ ਮੁੱਖ ਸ੍ਰੋਤ ਸੀ।ਕਰੋਨਾ ਨੇ ਜਿੱਥੇ ਇਨਸਾਨਾ ਦੀ ਜਾਨ ਲਈ ਉਥੇ ਇਸ ਨੇ ਅਖਬਾਰਾਂ ਦੀ ਵੀ ਜਾਨ ਕੱਢ ਲਈ।ਕਰੋਨਾ ਦੇ ਡਰ ਨੇ ਪਾਠਕ ਅਖਬਾਰਾਂ ਤੋ ਦੂਰ ਕਰ ਦਿੱਤੇ। ਜਿਸ ਦੀ ਵਜ੍ਹਾ ਸਦਕਾ ਅਖਬਾਰਾਂ ਦੀ ਗਿਣਤੀ ਘਟ ਗਈ ।ਜੋ ਮੁੜ ਨਾ ਵਧੀ।ਕਰੋਨਾ ਸਮੇ ਪ੍ਰਿੰਟ ਅਖਬਾਰਾਂ ਦੀ ਜਗ੍ਹਾ ਆਨਲਾਈਨ ਅਖਬਾਰਾ ਨੇ ਲੈ ਲਈ।ਤਦ ਤੋਂ ਲੋਕਾਂ ਦਾ ਆਨਲਾਈਨ ਅਖ਼ਬਾਰ ਪੜ੍ਹਨ ਦਾ ਰੁਝਾਨ ਬਣ ਗਿਆ।ਜਦ ਕੇ ਕਰੋਨਾ ਤੋ ਪਹਿਲਾ ਆਨਲਾਈਨ ਅਖਬਾਰਾਂ ਦਾ ਟ੍ਰੈਂਡ ਬਹੁਤਾ ਨਹੀਂ ਸੀ।ਕਰੋਨਾ ਖ਼ਤਮ ਹੋਣ ਪਿੱਛੋਂ ਪ੍ਰਿੰਟ ਅਖ਼ਬਾਰ ਪੜ੍ਹਨ ਦਾ ਰੁਝਾਨ ਘਟਦਾ ਗਿਆ।ਇਥੋਂ ਤੱਕ ਕੇ ਸ਼ੋਸ਼ਲ ਮੀਡੀਆ ਕਾਰਨ ਹੁਣ ਅਖਬਾਰਾਂ ਦੀ ਸਰਕੂਲੇਸ਼ਨ (ਗਿਣਤੀ )60 ਫੀਸਦ ਤੱਕ ਘੱਟ ਹੋ ਚੁੱਕੀ ਹੈ।

ਅਖ਼ਬਾਰ ਆਨਲਾਈਨ ਹੋਣ ਸਦਕਾ ਮੈਂ ਵੀ ਕੁੱਝ ਅਖ਼ਬਾਰ ਤਾਂ ਰਾਤ ਨੂੰ ਸੌਣ ਵਕਤ ਪੜ੍ਹ ਕੇ ਹੀ ਸੌਂਦਾ ਹਾਂ।ਜਦ ਕੇ ਕੁੱਝ ਸਵੇਰੇ ਉੱਠ ਕੇ ਪੜ੍ਹ ਲੈਂਦਾ ਹਾਂ।ਇਸ ਲਈ ਪ੍ਰਿੰਟ ਅਖ਼ਬਾਰ ਪੜ੍ਹਨ ਦੀ ਲੋੜ ਬਹੁਤ ਘੱਟ ਪੈਂਦੀ ਹੈ ।ਜਦੋ ਕੇ ਸ਼ੋਸ਼ਲ ਮੀਡੀਆ ਦੇ ਟ੍ਰੈਂਡ ਤੋ ਪਹਿਲਾਂ ਮੈਂ ਸਵੇਰੇ ਉਠਦੇ ਸਾਰ ਸਭ ਤੋ ਪਹਿਲਾਂ ਲਗਭਗ ਪੰਜ ਛੇ ਅਖ਼ਬਾਰ ਪੜ੍ਹਦਾ ਸਾਂ।ਜੋ ਅਖ਼ਬਾਰ ਵਾਲਾ ਹਾਕਰ ਸੁੱਟ ਕੇ ਜਾਂਦਾ ਸੀ।ਚਾਹ ਬਾਅਦ ਚ ਪੀਂਦਾ ਸਾਂ। ਪਹਿਲਾਂ ਅਖ਼ਬਾਰ ਪੜ੍ਹਦਾ ਸਾਂ।ਅਖ਼ਬਾਰ ਪੜ੍ਹੇ ਬਿਨਾ ਮੇਰੀ ਭੁੱਖ ਨਹੀਂ ਮਿਟਦੀ ਸੀ।ਪਰ ਹੁਣ ਵਕਤ ਬਦਲ ਗਿਆ ਹੈ ਤੇ ਸ਼ੋਸ਼ਲ ਮੀਡੀਆ ਮਨੁੱਖ ਤੇ ਭਾਰੂ ਹੋ ਚੁੱਕਾ ਹੈ।ਇਹੀ ਵਜ੍ਹਾ ਹੈ ਕੇ ਸਰਕੂਲੇਸ਼ਨ ਘਟਣ ਕਰਕੇ ਅਖਬਾਰਾਂ ਨੂੰ ਕਈ ਥਾਂਵਾਂ ਉੱਤੇ ਆਪਣੀਆਂ ਏਜੰਸੀਆਂ ਬੰਦ ਕਰਨੀਆਂ ਪਈਆਂ ਹਨ।ਅਖਬਾਰਾ ਦੇ ਬਹੁਤੇ ਸਬ ਆਫਿਸ ਵੀ ਬੰਦ ਹੋ ਗਏ।ਇਹ ਸਭ ਸ਼ੋਸ਼ਲ ਮੀਡੀਆ ਕਾਰਨ ਵਾਪਰਿਆ ਹੈ।

ਮੋਬਾਈਲ ਇੱਕ ਛੋਟੇ ਟੀਵੀ ਵਾਂਗ ਹੈ।ਜਿਸ ਉੱਤੇ ਪਲ ਪਲ ਦੀ ਤਾਜ਼ਾ ਜਾਣਕਾਰੀ ਪਲ ਪਲ ਮਿਲਦੀ ਰਹਿੰਦੀ ਹੈ।ਫਿਰ ਤੁਸੀਂ ਘਰ ਹੋਵੋ ਜਾਂ ਬਾਹਰ,ਦਫ਼ਤਰ ਹੋਵੋ ਜਾਂ ਵਾਹਨ ਉੱਤੇ ਜਾਂ ਫਿਰ ਕਿਧਰੇ ਸਫ਼ਰ ਕਰ ਰਹੇ ਹੋਵੋ।ਮੋਬਾਈਲ ਹੱਥ ਚ ਹੋਣ ਕਰਕੇ ਤੁਸੀਂ ਸ਼ੋਸ਼ਲ ਮੀਡੀਆ ਉੱਤੇ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਕਿਤੇ ਬੈਠੇ ਵੀ ਹਾਸਲ ਕਰ ਸਕਦੇ ਹੋ।ਪਰ ਅਖ਼ਬਾਰ ਚ ਉਹੀ ਜਾਣਕਾਰੀ ਅਗਲੇ ਦਿਨ ਮਿਲਦੀ ਹੈ।ਇਹੀ ਵਜ੍ਹਾ ਕਰਕੇ ਅਖਬਾਰਾਂ ਨੂੰ ਢਾਹ ਲੱਗੀ ਹੈ।ਲੋਕ ਹਰ ਵਕਤ ਸ਼ੋਸ਼ਲ ਮੀਡੀਆ ਨਾਲ ਜੁੜੇ ਰਹਿੰਦੇ ਹਨ।ਅੱਜ ਕੱਲ ਸ਼ੋਸ਼ਲ ਮੀਡੀਆ ਤੇਜ਼ ਹੋ ਚੁੱਕਾ ਹੈ।ਇਸ ਤੋਂ ਇਲਾਵਾ ਜੇ ਤੁਸੀਂ ਕਿਸੇ ਕਿਸਮ ਦੀ ਕੋਈ ਜਾਣਕਾਰੀ ਦੂਜਿਆਂ ਨਾਲ ਸਾਂਝੀ ਕਰਨਾ ਚਾਹੁੰਦੇ ਹੋ ਤਾਂ ਉਹ ਵੀ ਸ਼ੋਸ਼ਲ ਮੀਡੀਆ ਤੇ ਮਿੰਟਾਂ ਸਕਿੰਟਾਂ ਚ ਸਾਂਝੀ ਕਰ ਸਕਦੇ ਹੋ।ਜਾਣਕਾਰੀ ਸਾਂਝੀ ਕਰਨ ਵਾਲਾ ਸ਼ੋਸ਼ਲ ਮੀਡੀਆ ਤੋਂ ਵਧੀਆ,ਸਸਤਾ ਤੇ ਤੇਜ਼ ਹੋਰ ਕੋਈ ਸਾਧਨ ਨਹੀਂ ਹੈ।ਪਰ ਜੇਕਰ ਸਹੀ ਤਰੀਕੇ ਨਾਲ ਵੇਖਿਆ ਜਾਵੇ ਤਾਂ ਸ਼ੋਸ਼ਲ ਮੀਡੀਆ ਤੇ ਮਿਲੀ ਜਾਣਕਾਰੀ ਅਧੂਰੀ ਤੇ ਭਰੋਸੇਯੋਗ ਨਹੀਂ ਹੁੰਦੀ।

ਸ਼ੋਸ਼ਲ ਮੀਡੀਆ ਪਾਪੂਲਰ ਹੋਣ ਨਾਲ ਯੂ ਟਿਊਬਰਾਂ ਨੂੰ ਫਾਇਦਾ ਹੋਇਆ ਤੇ ਲੋਕ ਸ਼ੋਸ਼ਲ ਮੀਡੀਆ ਉੱਤੇ ਆਪਣੀਆਂ ਰੀਲਾਂ ਤੇ ਹੋਰ ਸਮੱਗਰੀ ਪਾ ਕੇ ਚੋਖੀ ਕਮਾਈ ਕਰ ਰਹੇ ਹਨ।ਪਰ ਦੂਜੇ ਪਾਸੇ ਸ਼ੋਸ਼ਲ ਮੀਡੀਆ ਨੇ ਅਖ਼ਬਾਰ ਨਾਲ ਜੁੜੇ ਲੋਕਾਂ ਦੇ ਰੁਜਗਾਰ ਉੱਤੇ ਸੱਟ ਮਾਰੀ ਹੈ।ਅਖਬਾਰਾਂ ਦੀ ਗਿਣਤੀ ਘਟਣ ਨਾਲ ਏਜੰਸੀ ਤੇ ਹਾਕਰਾਂ ਦੇ ਰੁਜ਼ਗਾਰ ਨੂੰ ਸੱਟ ਵੱਜੀ ਹੈ।ਜਿਸ ਕਰਕੇ ਜ਼ਿਆਦਾ ਤਰ ਹਾਕਰ ਬੇਰੁਜ਼ਗਾਰ ਹੋ ਗਏ ਹਨ ।

ਇਥੇ ਪਾਠਕਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਖਬਾਰਾਂ ਚ ਜੋ ਵੀ ਜਾਣਕਾਰੀ ਪਬਲਿਸ਼ (ਪ੍ਰਕਾਸ਼ਿਤ ) ਕੀਤੀ ਜਾਂਦੀ ਹੈ।ਉਹ ਓਥੈਂਟਿਕ (ਪ੍ਰਮਾਣਿਕ) ਤੇ ਡਿਟੇਲ ( ਵਿਸਥਾਰ )ਚ ਹੁੰਦੀ ਹੈ।ਜਦ ਕੇ ਸ਼ੋਸ਼ਲ ਮੀਡੀਆ ਉੱਤੇ ਜੋ ਵੀ ਦਿਖਦਾ ਹੈ।ਉਸ ਵਿਚ ਸਚਾਈ ਦੀ ਕੋਈ ਗਰੰਟੀ ਨਹੀਂ ਹੁੰਦੀ।ਸ਼ੋਸ਼ਲ ਮੀਡੀਆ ਉੱਤੇ ਜਿਆਦਤਰ ਝੂਠ ਹੁੰਦਾ ਹੈ।ਇਸ ਲਈ ਸਾਨੂੰ ਇਸ ਫਰਕ ਨੂੰ ਸਮਝਣ ਦੀ ਲੋੜ ਹੈ।



ਲੈਕਚਰਾਰ ਅਜੀਤ ਖੰਨਾ
ਮੋਬਾਈਲ: 76967-54669

ਸ਼ੋਸ਼ਲ ਮੀਡੀਆ ਦੀ ਭਰੋਸੇਯੋਗਤਾ ਉੱਤੇ ਭਰੋਸਾ ਕਰਨਾ ਮੁਸ਼ਕਲ ਹੈ।ਸ਼ੋਸ਼ਲ ਮੀਡੀਏ ਸਦਕਾ ਬਹੁਤ ਪੁਆੜੇ ਪੈਂਦੇ ਹਨ।ਜਦ ਕੇ ਦੂਜੇ ਪਾਸੇ ਅਖਬਾਰਾਂ ਦੀ ਭਰੋਸੇਯੋਗਤਾ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ।ਅਖ਼ਬਾਰ ਚ ਪ੍ਰਕਾਸ਼ਤ ਹੋਣ ਵਾਲੀ ਹਰ ਜਾਣਕਾਰੀ ਦੀ ਜ਼ਿੰਮੇਵਾਰੀ ਤਹਿ ਹੁੰਦੀ ਹੈ।ਅਗਰ ਕੋਈ ਜਾਣਕਾਰੀ ਗਲਤ ਪ੍ਰਕਾਸ਼ਤ ਹੁੰਦੀ ਹੈ ਤਾਂ ਤੁਸੀਂ ਅਖ਼ਬਾਰ ਉੱਤੇ ਮਾਣਹਾਨੀ ਦਾ ਕੇਸ ਕਰ ਸਕਦੇ ਹੋ।ਜਿਸ ਤੇ ਅਖ਼ਬਾਰ ਨੂੰ ਹਰਜਾਨਾਂ ਹੋ ਸਕਦਾ ਹੈ।ਪਰ ਸ਼ੋਸ਼ਲ ਮੀਡੀਆ ਉੱਤੇ ਅਜਿਹਾ ਹੋਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ।

ਅਗਲੀ ਗੱਲ ਸ਼ੋਸ਼ਲ ਮੀਡੀਆ ਨੇ ਸਾਡੇ ਸਮਾਜ ਚ ਲੱਚਰਤਾ ਫਲਾਉਣ ਚ ਵੱਡਾ ਰੋਲ ਅਦਾ ਕੀਤਾ ਹੈ।ਜਦੋ ਕੇ ਅਖਬਾਰਾਂ ਚ ਅਜਿਹੀ ਲੱਚਰਤਾ ਨਹੀਂ ਵੇਖੀ ਜਾ ਸਕਦੀ।ਇਸ ਵਾਸਤੇ ਪਾਠਕਾਂ ਨੂੰ ਅਖ਼ਬਾਰ ਦੀ ਮਹੱਤਤਾ ਨੂੰ ਸਮਝਣ ਦੀ ਜਰੂਰਤ ਹੈ।

# ਪੰਜਾਬ ਫ਼ੋਟੋਗ੍ਰਾਫਰ ਐਸੋਸੀਏਸ਼ਨ ਦੀ ਮੀਟਿੰਗ, ਲੁਧਿਆਣਾ ਵਿਖੇ ਕਰਵਾਏ ਜਾ ਰਹੇ ਸੂਬਾ ਪੱਧਰੀ ਫੋਟੋ ਮੇਲੇ ਦਾ ਲਿਆ ਜਾਇਜ਼ਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 28 ਮਈ(ਪਤਰ ਪ੍ਰੇਰਕ) ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਮੀਟਿੰਗ ਲੱਕੀ ਡਿਜੀਟਲ ਫੋਟੋ ਲੈਬ ਮੋਰਿੰਡਾ ਵਿਖੇ ਹੋਈ ਜਿਸ ਵਿੱਚ ਲੁਧਿਆਣਾ ਵਿਖੇ ਕਰਵਾਏ ਜਾ ਰਹੇ ਸੂਬਾ ਪੱਧਰੀ ਫੋਟੋ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਅਤੇ ਫ਼ੋਟੋਗ੍ਰਾਫਰਾਂ ਨੂੰ ਆ ਰਹੀਆਂ ਸਮਸਿਆਵਾਂ ਤੇ ਖੁਲ ਕੇ ਵਿਚਾਰ ਚਰਚਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਸੀਨੀਅਰ ਆਗੂ ਹਰਮਿੰਦਰ ਸਿੰਘ ਲੱਕੀ ਨੇ ਦੱਸਿਆ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਫੱਗੂਵਾਲਾ ਨੇ ਕੀਤੀ। ਜਦੋਂ ਕਿ ਆਲ ਇੰਡੀਆ ਫ਼ੋਟੋਗ੍ਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰਾ ਨੇ ਮੀਟਿੰਗ ਨੂੰ ਸੰਬੋਧਨ ਕੀਤਾ। ਉਹਨਾਂ ਫੋਟੋਗ੍ਰਾਫਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਤੇ ਚਰਚਾ ਕਰਦਿਆਂ ਵਿਸ਼ਵਾਸ ਦਿਵਾਇਆ ਗਿਆ ਕਿ ਜਿੰਨੀਆਂ ਵੀ ਮੁਸ਼ਕਲਾਂ ਸਾਡੇ ਫੋਟੋਗਰਾਫਰਾਂ ਨੂੰ ਆ ਰਹੀਆਂ ਹਨ ਉਹਨਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ। ਆਲ ਇੰਡੀਆ ਦੇ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰਾ ਜੀ ਨੇ ਇਹਨਾਂ ਮੁਸ਼ਕਿਲਾਂ ਨੂੰ ਪੂਰੇ ਆਲ ਇੰਡੀਆ ਦੇ ਲੈਵਲ ਤੇ ਵੀ ਹੱਲ ਕਰਨ ਦਾ ਵਿਸ਼ਵਾਸ ਦਵਾਇਆ । ਇਸ ਸਮੇਂ ਪੰਜਾਬ ਫ਼ੋਟੋਗ੍ਰਾਫਰ ਐਸੋਸੀਏਸ਼ਨ ਵਲੋਂ ਕਰਵਾਏ ਜਾ ਰਹੇ ਦੋ ਰੋਜ਼ਾ ਫੋਟੋ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੀਟਿੰਗ ਦੇ ਵਿੱਚ ਪੰਜਾਬ ਦੀ ਟੀਮ ਵੱਲੋਂ ਸੰਜੀਵ ਲੇਖੀ ਜਨਰਲ ਸਕੱਤਰ ਪੰਜਾਬ, ਜੁਝਾਰ ਸਿੰਘ ਸੀਨੀਅਰ ਵਾਈਸ ਪ੍ਰਧਾਨ ਪੰਜਾਬ, ਰਣਜੀਤ ਸਿੰਘ ਮੀਤ ਪ੍ਰਧਾਨ ਪੰਜਾਬ, ਜਗਮਿੰਦਰ ਸਿੰਘ ਜੋਨ ਪ੍ਰਧਾਨ ਸੈਂਟਰਲ, ਫਤਿਹਜੀਤ ਸਿੰਘ ਸੈਂਟਰਲ ਜੋਨ ਸੈਕਟਰੀ ,ਅੰਗਰੇਜ਼ ਸਿੰਘ ਈਸਟ ਜੋਨ ਸੈਕਟਰੀ, ਸੰਦੀਪ ਕੁਮਾਰ ਈਸਟ ਮੀਤ ਪ੍ਰਧਾਨ ਅਤੇ ਅਮਰਜੀਤ ਸਿੰਘ ਜੀ ਹਾਜ਼ਰ ਹੋਏ ਮੀਟਿੰਗ ਦੇ ਅੰਤ ਦੇ ਵਿੱਚ ਬਲਾਕ ਮੋਰਿੰਡਾ ਦੇ ਪ੍ਰਧਾਨ ਹਰਮਿੰਦਰ ਸਿੰਘ ਲੱਕੀ ਵਲੋਂ ਕੁਲ ਹਿੰਦ ਫੋਟੋ ਗਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰ ਅਤੇ ਸਮੁੱਚੀ ਪੰਜਾਬ ਦੀ ਟੀਮ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਕਰਵਾਏ ਜਾ ਰਹੇ ਪੰਜਾਬ ਪੱਧਰ ਦੇ ਦੋ ਰੋਜ਼ਾ ਫੋਟੋ ਮੇਲੇ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਸੂਬਾਈ ਮੀਤ ਪ੍ਰਧਾਨ ਵਜ਼ੀਰ ਮੁਹੰਮਦ, ਜਨਰਲ ਸਕੱਤਰ ਦਵਿੰਦਰ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਦਵਿੰਦਰ ਸਿੰਘ ਦੇਵਗਨ ਮੈਨੇਜਰ ਗੁਰਦੁਆਰਾ ਕੋਤਵਾਲੀ ਸਾਹਿਬ ,ਤਜਿੰਦਰ ਸਿੰਘ ਸੋਨੂ ,ਰਜਿੰਦਰ ਸਿੰਘ ਰਾਜ ਮੁਰਿੰਡਾ ਰਜਿੰਦਰ ਸਿੰਘ ਰਾਜਾ ਸੰਘੋਲ, ਜਸਪ੍ਰੀਤ ਸਿੰਘ ਮੋਰਿੰਡਾ ,ਨੀਰਜ ਕੁਮਾਰ ਮੋਰਿੰਡਾ ,ਗੁਰਪਾਲ ਸਿੰਘ ਗਰੇਵਾਲ, ਵੀਰਵਲ ਸਿੰਘ, ਸਰਬਜੀਤ ਸਿੰਘ ਕਾਈਨੌਰ,ਰਵਿੰਦਰ ਕੁਮਾਰ ਰਿੰਕੂ ,ਸੁਰਜੀਤ ਸਿੰਘ ਪੱਪੀ, ਦਲਜੀਤ ਸਿੰਘ ਚਰਹੇੜੀ, ਪਰਮਜੀਤ ਸਿੰਘ ਕੇਪੀ, ਦਵਿੰਦਰ ਸਿੰਘ ਹਿੰਮਤਪੁਰਾ, ਰਜਿੰਦਰ ਕੁਮਾਰ ਕੁਰਾਲੀ, ਨਰਿੰਦਰ ਸਿੰਘ ਕੁਰਾਲੀ, ਗੋਲਡੀ ਨਗਲਾਂ ਖਮਾਣੋ, ਹਰਕਵਲ ਸਿੰਘ ਵਰਿੰਦਰ ਸਿੰਘ ਘੜੂਆਂ ,ਸੰਦੀਪ ਸਿੰਘ ਢਗਰਾਲੀ, ਰਾਜਵਿੰਦਰ ਸਿੰਘ ਢੰਗਰਾਲੀ, ਹਰਪ੍ਰੀਤ ਸਿੰਘ, ਰਣਜੀਤ ਸਿੰਘ ਮੋਰਿੰਡਾ, ਜਸਪ੍ਰੀਤ ਸਿੰਘ, ਦਿਲਬਾਗ ਸਿੰਘ, ਗੁਰਤੇਜ ਸਿੰਘ, ਪੁਨੀਤ ਕਲਸੀ, ਪ੍ਰਦੀਪ ਕੁਮਾਰ ਮੋਰਿੰਡਾ ਆਦਿ ਆਗੂ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਦਾ 88ਵਾਂ ਦਿਨ: ਸੂਬੇ ਭਰ ਵਿੱਚ 126 ਰੇਲਵੇ ਸਟੇਸ਼ਨਾਂ ਦੀ ਕੀਤੀ ਚੈਕਿੰਗ; 141 ਨਸ਼ਾ ਤਸਕਰ ਕਾਬੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 28 ਮਈ
INTERNATIONAL PAPER, 94636 01616
hardipchumber57@gmail.com



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਮੁਹਿੰਮ "ਯੁੱਧ ਨਸ਼ੀਆਂ ਵਿਰੁੱਧ" ਨੂੰ ਲਗਾਤਾਰ 88ਵੇਂ ਦਿਨ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ 126 ਰੇਲਵੇ ਸਟੇਸ਼ਨਾਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਚਲਾਇਆ ਗਿਆ।

ਇਸ ਸੂਬਾ ਪੱਧਰੀ ਆਪਰੇਸ਼ਨ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਇਸ ਆਪਰੇਸ਼ਨ ਨੂੰ ਸਫਲ ਬਣਾਉਣ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸੁਪਰਡੈਂਟ ਆਫ਼ ਪੁਲਿਸ (ਐਸਪੀ) ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਬਲ ਤਾਇਨਾਤ ਕਰਨ ਲਈ ਕਿਹਾ ਗਿਆ ਸੀ।

ਉਨ੍ਹਾਂ ਕਿਹਾ ਕਿ ਸੂਬੇ ਭਰ ਦੇ ਲਗਭਗ 126 ਰੇਲਵੇ ਸਟੇਸ਼ਨਾਂ 'ਤੇ ਚਲਾਏ ਗਏ ਇਸ ਆਪਰੇਸ਼ਨ ਦੌਰਾਨ ਲਗਭਗ 1332 ਲੋਕਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਦੌਰਾਨ ਪੁੱਛਗਿੱਛ ਲਈ 9 ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ।

ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਅੱਜ 530 ਥਾਵਾਂ 'ਤੇ ਛਾਪੇਮਾਰੀ ਕੀਤੀ ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 90 ਐਫਆਈਆਰਜ਼ ਦਰਜ ਕੀਤੀਆਂ ਗਈਆਂ ਅਤੇ 141 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੇ ਨਾਲ, 88 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 14099 ਹੋ ਗਈ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਕੋਲੋਂ 959 ਗ੍ਰਾਮ ਹੈਰੋਇਨ, 2 ਕਿਲੋ ਅਫੀਮ ਅਤੇ 3.4 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 85 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 368 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪਰੇਸ਼ਨ ਦੌਰਾਨ 592 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਵਿਆਪਕ ਰਣਨੀਤੀ ਤਿਆਰ ਕੀਤੀ ਗਈ ਹੈ ਅਤੇ ਸੂਬੇ ਵਿੱਚੋਂ ਨਸ਼ੇ ਦੀ ਲਾਹਨਤ ਦੇ ਖਾਤਮੇ ਤੱਕ ਅਜਿਹੇ ਆਪਰੇਸ਼ਨ ਜਾਰੀ ਰਹਿਣਗੇ।

